ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

International Daily Newspaper & WEB TV

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

YouTube https://youtu.be/LQwolgxDu7I

awazeqaumtvpunjab@gmail.com

ਵੀਰਵਾਰ, 11 ਦਸੰਬਰ 2025 (ਨਾਨਕਸ਼ਾਹੀ ਸੰਮਤ : ੫੫੭, ੨੬ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## 1.5 ਕਰੋੜ ਰੁਪਏ ਦੀ ਲਾਟਰੀ ਜਿੱਤਣ ਵਾਲਾ ਜੋੜਾ ਹੋਇਆ 'ਰੂਪੋਸ਼', ਫਿਰੌਤੀ ਡਰੋਂ ਛੱਡਿਆ ਘਰ

**ਫਰੀਦਕੋਟ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਦੇ ਫਰੀਦਕੋਟ ਜ਼ਿਲ੍ਹੇ ਤੋਂ ਇੱਕ ਹੈਰਾਨੀਜਨਕ ਘਟਨਾ ਸਾਹਮਣੇ ਆਈ ਹੈ, ਜਿੱਥੇ ਪੰਜਾਬ ਸਟੇਟ ਲਾਟਰੀ ਵਿੱਚ 1.5 ਕਰੋੜ ਰੁਪਏ ਜਿੱਤਣ ਵਾਲਾ ਇੱਕ ਜੋੜਾ ਲੁੱਟੇ ਜਾਣ ਦੇ ਡਰੋਂ ਆਪਣੇ ਘਰੋਂ ਭੱਜ ਗਿਆ। ਲਾਟਰੀ ਜੇਤੂ ਨਸੀਬ ਕੌਰ ਅਤੇ ਉਸਦਾ ਪਤੀ ਰਾਮ ਸਿੰਘ, ਸੈਦੇਕੇ ਪਿੰਡ ਦੇ ਦਿਹਾੜੀਦਾਰ ਖੇਤ ਮਜ਼ਦੂਰ ਹਨ। 200 ਰੁਪਏ ਦੀ ਲਾਟਰੀ ਟਿਕਟ ਖਰੀਦਣ ਤੋਂ ਬਾਅਦ ਉਨ੍ਹਾਂ ਦੀ ਜ਼ਿੰਦਗੀ ਰਾਤੋ-ਰਾਤ ਬਦਲ ਗਈ, ਜਿਸਨੇ ਸਭ ਤੋਂ ਵੱਧ ਇਨਾਮ ਜਿੱਤਿਆ। ਹਾਲਾਂਕਿ, ਜਸ਼ਨ ਮਨਾਉਣ ਦੀ ਬਜਾਏ ਜੋੜਾ ਜਲਦੀ ਹੀ ਘਬਰਾਹਟ ਵਿੱਚ ਆ ਗਿਆ। ਜਿਵੇਂ ਹੀ ਉਨ੍ਹਾਂ ਦੀ ਵੱਡੀ ਲਾਟਰੀ ਜਿੱਤ ਦੀ ਖ਼ਬਰ ਪਿੰਡ ਵਿੱਚ ਤੇਜ਼ੀ ਨਾਲ ਫੈਲ ਗਈ, ਜੋੜਾ ਹੋਰ ਵੀ ਚਿੰਤਤ ਹੋ ਗਿਆ ਕਿ ਉਨ੍ਹਾਂ ਨੂੰ ਲੁਟੇਰਿਆਂ ਜਾਂ ਫਿਰੌਤੀ ਮੰਗਣ ਵਾਲੇ ਅਪਰਾਧੀਆਂ ਰਾਹੀਂ ਨਿਸ਼ਾਨਾ ਬਣਾਇਆ ਜਾ ਸਕਦਾ ਹੈ। ਅਚਾਨਕ ਧਿਆਨ, ਵਾਰ-ਵਾਰ ਆਉਣ-ਜਾਣ ਵਾਲੇ, ਅਤੇ ਇਲਾਕੇ ਵਿੱਚ ਲਗਾਤਾਰ ਗੂੰਜ ਨੇ ਉਨ੍ਹਾਂ ਦੇ ਡਰ ਨੂੰ ਹੋਰ ਵਧਾ ਦਿੱਤਾ। ਆਪਣੀ ਅਤੇ ਆਪਣੇ ਪਰਿਵਾਰ ਦੀ ਸੁਰੱਖਿਆ ਲਈ ਚਿੰਤਤ, ਜੋੜੇ ਨੇ ਇੱਕ ਸਖ਼ਤ ਕਦਮ ਚੁੱਕਿਆ ਕਿਉਂਕਿ ਉਨ੍ਹਾਂ ਨੇ ਆਪਣਾ ਘਰ ਬੰਦ ਕਰ ਦਿੱਤਾ, ਆਪਣੇ ਫ਼ੋਨ ਬੰਦ ਕਰ ਦਿੱਤੇ, ਅਤੇ ਚੁੱਪ-ਚਾਪ ਕਿਸੇ ਅਣਦੱਸੀ ਜਗ੍ਹਾ 'ਤੇ ਚਲੇ ਗਏ। ਉਨ੍ਹਾਂ ਦੇ ਲਾਪਤਾ ਹੋਣ ਨੇ ਜਲਦੀ ਹੀ ਅਧਿਕਾਰੀਆਂ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਫਰੀਦਕੋਟ ਪੁਲਿਸ ਨੇ ਮੰਗਲਵਾਰ ਨੂੰ ਸਥਿਤੀ ਦਾ ਪਤਾ ਲਗਾਇਆ ਅਤੇ ਜੋੜੇ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਡਰਨ ਦੀ ਕੋਈ ਲੋੜ ਨਹੀਂ ਹੈ।

### ਪਟਿਆਲਾ ਦੇ ਐਸ. ਐਸ. ਪੀ. ਨੂੰ ਭੇਜਿਆ ਛੁੱਟੀ 'ਤੇ, ਮਹਿਕਮੇ 'ਚ ਮੱਚੀ ਤਰਥੱਲੀ

# ਵਾਇਰਲ ਆਡੀਓ ਮਾਮਲੇ 'ਚ ਹੋਇਆ ਵੱਡਾ ਐਕਸ਼ਨ !

**ਪਟਿਆਲਾ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪਟਿਆਲਾ 'ਚ ਵਾਇਰਲ ਆਡੀਓ ਮਾਮਲੇ ਤਹਿਤ ਵੱਡੀ ਕਾਰਵਾਈ ਹੋਈ ਹੈ। ਪਟਿਆਲਾ ਦੇ ਐਸ. ਐਸ. ਪੀ. ਵਰੁਣ ਸ਼ਰਮਾ ਨੂੰ ਛੁੱਟੀ 'ਤੇ ਭੇਜ ਦਿੱਤਾ ਗਿਆ ਹੈ ਤੇ ਉਨ੍ਹਾਂ ਦੀ ਥਾਂ ਸੰਗਰੂਰ ਦੇ ਐਸ. ਐਸ. ਪੀ. ਸਰਤਾਜ ਸਿੰਘ ਨੂੰ ਵਾਧੂ ਚਾਰਜ ਦਿੱਤਾ ਗਿਆ ਹੈ। 14 ਦਸੰਬਰ ਨੂੰ ਹੋਣ ਵਾਲੀਆਂ ਜ਼ਿਲ੍ਹਾ ਪਾਰਿਸ਼ਦ ਅਤੇ ਬਲਾਕ ਕਮੇਟੀ ਚੋਣਾਂ ਤੋਂ ਪਹਿਲਾਂ ਪਟਿਆਲਾ ਦੇ ਕੁਝ ਪੁਲਿਸ ਅਧਿਕਾਰੀਆਂ ਦੀਆਂ ਕਥਿਤ ਆਡੀਓ ਕਲਿੱਪਾਂ ਵਾਇਰਲ ਹੋਈਆਂ ਸਨ। ਅਦਾਲਤ ਵੱਲੋਂ ਇਲੈਕਸ਼ਨ ਕਮਿਸ਼ਨ ਤੋਂ ਇਸ ਕਥਿਤ ਆਡੀਓ ਦੀ ਰਿਪੋਰਟ ਮੰਗੀ ਗਈ ਹੈ ਅਤੇ ਸੁਣਵਾਈ ਦੌਰਾਨ ਇਹ ਰਿਪੋਰਟ ਸੌਂਪੀ ਜਾਵੇਗੀ। ਹਾਈਕੋਰਟ ਵਿੱਚ ਇਹ ਪਟੀਸ਼ਨ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਅਤੇ ਭਾਜਪਾ ਵੱਲੋਂ ਪਾਈ ਗਈ ਸੀ। ਹੁਣ ਸੁਣਵਾਈ ਤੋਂ ਪਹਿਲਾਂ ਹੀ ਪਟਿਆਲਾ ਐਸ. ਐਸ. ਪੀ. ਖ਼ਿਲਾਫ਼ ਕਾਰਵਾਈ ਕੀਤੀ ਗਈ ਹੈ। ਅਕਾਲੀ ਦਲ (ਬਾਦਲ) ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਜਾਰੀ ਕੀਤੀ ਗਈ ਆਡੀਓ ਰਿਕਾਰਡਿੰਗ ਨੇ ਚੋਣਾਂ ਦੌਰਾਨ ਵੱਡਾ ਵਿਵਾਦ ਖੜ੍ਹਾ ਕਰ ਦਿੱਤਾ ਸੀ। ਸੁਖਬੀਰ ਬਾਦਲ ਨੇ ਦਾਅਵਾ ਕੀਤਾ ਸੀ ਕਿ ਇਹ ਰਿਕਾਰਡਿੰਗ ਪਟਿਆਲਾ ਪੁਲਿਸ ਦੇ ਅਧਿਕਾਰੀਆਂ ਦੀ ਕਾਨਫਰੈਂਸ ਕਾਲ ਦੀ ਹੈ, ਜਿਸ ਵਿੱਚ ਐਸ. ਐਸ. ਪੀ. ਵੱਲੋਂ ਵੱਖ-ਵੱਖ DSP ਨਾਲ ਗੱਲਬਾਤ ਕੀਤੀ ਜਾ ਰਹੀ ਹੈ। ਆਡੀਓ ਵਿੱਚ ਕਥਿਤ ਤੌਰ 'ਤੇ ਚੋਣਾਂ ਦੌਰਾਨ ਸੁਰੱਖਿਆ ਪ੍ਰਬੰਧਾਂ ਹੇਠ ਵਿਰੋਧੀ ਉਮੀਦਵਾਰਾਂ ਨੂੰ ਨਾਮਜ਼ਦਗੀ ਦੇ ਸਮੇਂ ਧੱਕੇਸ਼ਾਹੀ ਕਰਕੇ ਰੋਕਣ ਦੀ ਪਲਾਨਿੰਗ ਕੀਤੀ ਜਾ ਰਹੀ ਹੈ। ਦਾਅਵਾ ਕੀਤਾ ਗਿਆ ਕਿ ਉਮੀਦਵਾਰਾਂ ਨੂੰ ਉਹਨਾਂ ਦੇ ਘਰ ਜਾਂ ਪਿੰਡੋਂ ਲੈ ਕੇ ਨਾਮਜ਼ਦਗੀ ਕੇਂਦਰ ਦੇ ਬਾਹਰ ਤੱਕ ਰੋਕਣ ਬਾਰੇ ਗੱਲ ਕੀਤੀ ਜਾ ਰਹੀ ਹੈ। ਰਿਕਾਰਡਿੰਗ ਵਿੱਚ ਨਿਰਪੱਖ ਚੋਣਾਂ ਦੀ ਨਿਗਰਾਨੀ ਲਈ ਲਗਾਏ ਗਏ ਆਬਜ਼ਰਵਰਾਂ ਦੇ ਨਾਲ-ਨਾਲ ਪੰਜਾਬ ਪੁਲਿਸ ਅਤੇ ਪ੍ਰਸ਼ਾਸਨ ਦੇ ਡਿਵਿਜ਼ਨਲ ਕਮਿਸ਼ਨਰ ਅਤੇ ਡੀਆਈਜੀ ਪੱਧਰ ਦੇ ਅਧਿਕਾਰੀਆਂ ਦੇ ਨਾਮ ਵੀ ਆਉਂਦੇ ਹਨ। ਪਟਿਆਲਾ ਪੁਲਿਸ ਨੇ ਸੁਖਬੀਰ ਬਾਦਲ ਦੇ ਦਾਅਵਿਆਂ ਨੂੰ ਨਕਾਰਦੇ ਹੋਏ ਕਿਹਾ ਸੀ ਕਿ ਇਹ ਵੀਡੀਓ ਫ਼ੇਕ ਹੈ ਅਤੇ ਏ. ਆਈ. ਦੀ ਮਦਦ ਨਾਲ ਬਣਾਈ ਗਈ ਹੈ। ਪੁਲਿਸ ਅਨੁਸਾਰ ਇਸ ਤਰ੍ਹਾਂ ਦੀ ਵੀਡੀਓ ਵਾਇਰਲ ਕਰਕੇ ਲੋਕਾਂ ਨੂੰ ਗੁੰਮਰਾਹ ਕੀਤਾ ਜਾ ਰਿਹਾ ਹੈ ਅਤੇ ਇਸਨੂੰ ਫੈਲਾਉਣ ਵਾਲਿਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।




## ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੇ ਡਾ. ਨਵਜੋਤ ਕੌਰ ਸਿੱਧੂ ਨੂੰ ਭੇਜਿਆ ਕਾਨੂੰਨੀ ਨੋਟਿਸ

**ਅੰਮ੍ਰਿਤਸਰ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਡਾ. ਨਵਜੋਤ ਕੌਰ ਸਿੱਧੂ ਦੀ ਬਿਆਨਬਾਜ਼ੀ ਰੁਕਣ ਦਾ ਨਾਮ ਨਹੀਂ ਲੈ ਰਹੀ। ਡਾ. ਨਵਜੋਤ ਕੌਰ ਸਿੱਧੂ ਨੇ ਟਿਕਟਾਂ ਦੀ ਵੇਚ-ਖ਼ਰੀਦ ਤੇ ਪੈਸੇ ਦੇ ਲੈਣ-ਦੇਣ ਨੂੰ ਲੈ ਕੇ ਪਾਰਟੀ ਦੇ ਕਈ ਸੀਨੀਅਰ ਆਗੂਆਂ 'ਤੇ ਗੰਭੀਰ ਦੋਸ਼ ਲਾਏ ਹਨ। ਉਨ੍ਹਾਂ ਦੇ ਦੋਸ਼ਾਂ ਤੋਂ ਬਾਅਦ ਪਾਰਟੀ ਦੇ ਕਈ ਆਗੂ ਨਵਜੋਤ ਕੌਰ ਸਿੱਧੂ ਨੂੰ ਕਾਨੂੰਨੀ ਨੋਟਿਸ ਭੇਜ ਚੁੱਕੇ ਹਨ। ਹੁਣ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਛੱਡ ਕੇ ਕਾਂਗਰਸ 'ਚ ਆਏ ਸਾਬਕਾ ਮੰਤਰੀ ਅਨਿਲ ਜੋਸ਼ੀ 'ਤੇ ਕਈ ਇਲਜ਼ਾਮ ਲਗਾਏ ਸਨ। ਸਾਬਕਾ ਕੈਬਨਿਟ ਮੰਤਰੀ ਅਨਿਲ ਜੋਸ਼ੀ ਨੇ ਡਾਕਟਰ ਨਵਜੋਤ ਕੌਰ ਸਿੱਧੂ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਨਵਜੋਤ ਕੌਰ ਸਿੱਧੂ ਵੱਲੋਂ ਅਨਿਲ ਜੋਸ਼ੀ ਨੂੰ ਲੈ ਕੇ ਮੀਡੀਆ 'ਚ ਬਿਆਨ ਦਿੱਤਾ ਗਿਆ ਸੀ। ਨਵਜੋਤ ਕੌਰ ਸਿੱਧੂ ਨੇ ਅਨਿਲ ਜੋਸ਼ੀ ਨੂੰ ਲੈ ਕੇ ਬਿਆਨ ਦਿੱਤਾ ਸੀ ਕਿ ਅਨਿਲ ਜੋਸ਼ੀ ਵੇਚਾਰੇ ਨੇ ਇੰਨੇ ਪੈਸੇ ਦੇ ਕੇ ਜੁਆਨਿੰਗ ਕੀਤੀ। ਹੁਣ ਪਤਾ ਚੱਲਿਆ ਹੈ ਕਿ ਉਹ ਫ੍ਰਸਟ੍ਰੇਟ ਹੋ ਕੇ ਅਕਾਲੀ ਦਲ 'ਚ ਜਾ ਰਿਹਾ ਹੈ। 6 ਵਾਰ ਦਾ ਹਾਰਿਆ ਹੋਇਆ। ਇਹ ਇੱਕ ਸੀਟ 'ਤੇ 3-3 ਲੋਕਾਂ ਨੂੰ ਪ੍ਰਮੋਟ ਕਰ ਰਹੇ ਹਨ। ਉਸ ਨਾਲ ਤੁਸੀਂ ਵੈਸੇ ਹੀ ਸੀਟ ਹਾਰ ਜਾਓਗੇ। ਇਸ ਤੋਂ ਪਹਿਲਾਂ ਅਨਿਲ ਜੋਸ਼ੀ ਨੇ ਕਿਹਾ ਸੀ ਕਿ ਮੈਂ ਉਨ੍ਹਾਂ ਨੂੰ ਨੋਟਿਸ ਭੇਜ ਰਿਹਾ ਹੈ ਤੇ ਇਸ ਮਾਮਲੇ ਨੂੰ ਅਦਾਲਤ 'ਚ ਲੈ ਕੇ ਜਾਵਾਂਗਾ। ਕੋਰਟ 'ਚ ਉਨ੍ਹਾਂ ਤੋਂ ਪੱਛਿਆ ਜਾਵੇਗਾ ਕਦੋਂ ਮੇਰੀ ਉਨ੍ਹਾਂ ਨਾਲ ਗੱਲ ਹੋਈ, ਕਿਸ ਬੈਠਕ 'ਚ ਅਸੀਂ ਇਕੱਠੇ ਬੈਠੇ, ਕਦੋਂ ਫ਼ੋਨ 'ਤੇ ਗੱਲਬਾਤ ਹੋਈ। ਉਨ੍ਹਾਂ ਨੇ ਕਿਸ ਆਧਾਰ 'ਤੇ ਮੇਰੇ ਨਾਮ ਦਾ ਦੁਰਉਪਯੋਗ ਕੀਤਾ। ਸੱਚ ਇਹ ਹੈ ਕਿ ਮੇਰੀ ਨਵਜੋਤ ਕੌਰ ਸਿੱਧੂ ਨਾਲ ਕਦੇ ਕੋਈ ਮੁਲਾਕਾਤ ਨਹੀਂ ਹੋਈ। ਅਨਿਲ ਜੋਸ਼ੀ ਨੇ ਕਿਹਾ ਨਵਜੋਤ ਕੌਰ ਸਿੱਧੂ ਦੇ ਬਿਆਨਾਂ ਦਾ ਕੋਈ ਆਧਾਰ ਨਹੀਂ ਹੈ। ਉਨ੍ਹਾਂ ਦੇ ਬਿਆਨ ਰਾਜਨੀਤਿਕ ਦੁਸ਼ਮਣੀ ਤੋਂ ਪ੍ਰੇਰਿਤ ਹਨ। ਕਦੇ ਉਹ 500 ਕਰੋੜ ਦੀ ਗੱਲ ਕਰਦੇ ਹਨ ਤੇ ਕਦੇ ਕੋਈ ਇਲਜ਼ਾਮ ਲਗਾਉਂਦੇ ਹਨ, ਜਿਸ ਦੇ ਪਿੱਛੇ ਕੋਈ ਤੱਥ ਨਹੀਂ ਹੁੰਦਾ। ਉਨ੍ਹਾਂ ਨੇ ਅੱਗੇ ਕਿਹਾ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਸੀਨੀਅਰ ਆਗੂ ਪ੍ਰਤਾਪ ਸਿੰਘ ਬਾਜਵਾ ਵਰਗੇ ਜ਼ਿੰਮੇਵਾਰ ਲੋਕਾਂ ਨੇ ਇਸ ਤਰ੍ਹਾਂ ਦੀ ਰਾਜਨੀਤੀ ਨਹੀਂ ਕੀਤੀ ਪਰ ਨਵਜੋਤ ਕੌਰ ਸਿੱਧੂ ਹਰ ਸਵਾਲ 'ਤੇ ਕਿਸੇ ਨਾ ਕਿਸੇ ਖਿਲਾਫ਼ ਕੁੱਝ ਵੀ ਕਹਿਣ ਲੱਗਦੇ ਹਨ।



## ਅੰਮ੍ਰਿਤਸਰ 'ਚ ਖੌਫਨਾਕ ਕਾਰ ਹਾਦਸਾ, 3 ਨੌਜਵਾਨਾਂ ਦੀ ਮੌਕੇ 'ਤੇ ਮੌਤ, 100 ਮੀਟਰ ਦੂਰ ਡਿੱਗਿਆ ਇੰਜਨ



**ਅੰਮ੍ਰਿਤਸਰ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਅੰਮ੍ਰਿਤਸਰ ਬਾਈਪਾਸ 'ਤੇ ਮਹਾਲਾਂ ਪੁਲ ਨੇੜੇ ਬੀਤੀ ਦੇਰ ਰਾਤ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਕਾਰ ਵਿੱਚ ਸਵਾਰ ਚਾਰ ਨੌਜਵਾਨਾਂ ਵਿੱਚੋਂ ਤਿੰਨ ਦੀ ਮੌਕੇ 'ਤੇ ਹੀ ਮੌਤ ਹੋ ਗਈ, ਜਦੋਂ ਕਿ ਚੌਥਾ ਗੰਭੀਰ ਜ਼ਖਮੀ ਹੋ ਗਿਆ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਪਿੰਡ ਲੋਪੋਕੇ ਤੋਂ ਆ ਰਹੀ ਇੱਕ ਕਾਰ ਤੇਜ਼ ਰਫ਼ਤਾਰ ਨਾਲ ਕੰਟਰੋਲ ਗੁਆ ਬੈਠੀ। ਇਹ ਘਟਨਾ ਸਵੇਰੇ 1:30 ਵਜੇ ਦੇ ਕਰੀਬ ਵਾਪਰੀ ਦੱਸੀ ਜਾ ਰਹੀ ਹੈ। ਹਾਦਸਾ ਇੰਨਾ ਭਿਆਨਕ ਸੀ ਕਿ ਕਾਰ ਦਾ ਇੰਜਣ ਵੱਖ ਹੋ ਗਿਆ ਅਤੇ ਲਗਭਗ 100 ਮੀਟਰ ਦੂਰ ਡਿੱਗ ਗਿਆ। ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਹਾਦਸੇ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਮੌਕੇ 'ਤੇ ਮੌਜੂਦ ਪੁਲਿਸ ਮੁਲਾਜ਼ਮਾਂ ਨੇ ਦੱਸਿਆ ਕਿ ਕਾਰ ਵਿੱਚ ਸਵਾਰ ਚਾਰ ਨੌਜਵਾਨ ਲੋਪੋਕੇ ਪਿੰਡ ਤੋਂ ਆ ਰਹੇ ਸਨ। ਕਾਰ ਦੀ ਹਾਲਤ ਨੂੰ ਦੇਖਦੇ ਹੋਏ ਇਹ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਹਾਦਸਾ ਤੇਜ਼ ਰਫ਼ਤਾਰ ਕਾਰਨ ਹੋਇਆ ਹੈ। ਪੁਲਿਸ ਨੇ ਤਿੰਨ ਮ੍ਰਿਤਕਾਂ ਦੀ ਪਛਾਣ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਜੋਬਨਪ੍ਰੀਤ, ਪਿੰਡ ਚੱਕ ਮਿਸ਼ਰੀ ਖਾਨ ਦਾ ਰਹਿਣ ਵਾਲਾ ਸੀ। ਦੂਜਾ ਨੌਜਵਾਨ ਜਸਕਰਨ ਸਿੰਘ ਬਿੱਲਾ ਲੋਪੋਕੇ ਪਿੰਡ ਦਾ ਰਹਿਣ ਵਾਲਾ ਸੀ ਅਤੇ ਤੀਜਾ ਅਵਤਾਰ ਸਿੰਘ ਬੋਪਾਰਾਇ ਬਾਜ ਕਲਾਂ ਪਿੰਡ ਦਾ ਰਹਿਣ ਵਾਲਾ ਸੀ। ਹਾਦਸੇ ਵਿੱਚ ਇੱਕ ਨੌਜਵਾਨ ਜ਼ਖਮੀ ਹੋ ਗਿਆ, ਜਿਸਦੀ ਪਛਾਣ ਚੱਕ ਮਿਸ਼ਰੀ ਖਾਨ ਵਜੋਂ ਹੋਈ ਹੈ, ਜੋ ਕਿ ਸੁੰਨੀ ਦਾ ਰਹਿਣ ਵਾਲਾ ਹੈ। ਉਸਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ ਅਤੇ ਉਸਨੂੰ ਗੰਭੀਰ ਹਾਲਤ ਵਿੱਚ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਭਿਆਨਕ ਹਾਦਸੇ ਦੀ ਆਵਾਜ਼ ਇੰਨੀ ਉੱਚੀ ਸੀ ਕਿ ਨੇੜਲੇ ਵਸਨੀਕ ਵੀ ਜਾਗ ਗਏ। ਨੇੜਲੇ ਵਸਨੀਕਾਂ ਨੇ ਪੁਲਿਸ ਅਤੇ ਐਂਬੂਲੈਂਸ ਨੂੰ ਬੁਲਾ ਕੇ ਘਟਨਾ ਦੀ ਜਾਣਕਾਰੀ ਦਿੱਤੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਹਾਦਸੇ ਦੇ ਸਹੀ ਕਾਰਨਾਂ ਦੀ ਜਾਂਚ ਕਰ ਰਹੀ ਹੈ।

## ਮਸਜਿਦ 'ਚ ਫਿਲਮ ਦੀ ਸ਼ੂਟਿੰਗ ਕਰਨ ਦੇ ਮਾਮਲੇ 'ਚ ਸੋਨਮ ਬਾਜਵਾ ਤੇ ਫਿਲਮ ਪ੍ਰੋਡਿਊਸਰ ਨੇ ਮੰਗੀ ਮਾਫੀ

**ਫਤਿਹਗੜ੍ਹ ਸਾਹਿਬ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਫਤਿਹਗੜ੍ਹ ਸਾਹਿਬ ਵਿਖੇ ਬੀਤੇ ਦਿਨੀਂ ਮਸਜਿਦ ਭਗਤ ਸਦਨਾ ਕਸਾਈ ਵਿੱਚ ਪੰਜਾਬੀ ਫਿਲਮ 'ਪਿੱਟ ਸਿਆਪਾ' ਦੀ ਕੀਤੀ ਗਈ ਸ਼ੂਟਿੰਗ ਨੂੰ ਲੈ ਕੇ ਵਧੇ ਵਿਵਾਦ ਮਗਰੋਂ ਅੱਜ ਫਿਲਮ ਦੀ ਹੀਰੋਇਨ ਸੋਨਮ ਬਾਜਵਾ ਅਤੇ ਫਿਲਮ ਦੇ ਪ੍ਰੋਡਿਊਸਰ ਬਲਜਿੰਦਰ ਜੰਜੂਆ ਨੇ ਸ਼ਾਹੀ ਇਮਾਮ ਪੰਜਾਬ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨਾਲ ਮੁਲਾਕਾਤ ਕਰਕੇ ਸ਼ਾਹੀ ਇਮਾਮ ਕੋਲੋਂ ਹੱਥ ਜੋੜ ਕੇ ਅਤੇ ਲਿਖਤੀ ਵਿਚ ਮਾਫੀ ਮੰਗ ਲਈ ਹੈ।



**ਪ੍ਰੋਡਿਊਸਰ ਨੇ ਮੰਗੀ ਤਹਿ ਦਿਲੋਂ ਮੁਆਫ਼ੀ :** ਪ੍ਰੋਡਿਊਸਰ ਬਲਵਿੰਦਰ ਸਿੰਘ ਜੰਜੂਆ ਨੇ ਮੰਨਿਆ ਕਿ ਉਨ੍ਹਾਂ ਤੋਂ ਅਣਜਾਣੇ ਵਿੱਚ ਗਲਤੀ ਹੋਈ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਫਤਿਹਗੜ੍ਹ ਸਾਹਿਬ ਵਿੱਚ ਜਿਸ ਜਗ੍ਹਾ 'ਤੇ ਉਨ੍ਹਾਂ ਨੇ ਸ਼ੂਟ ਕੀਤਾ, ਉਹ ਇੱਕ ਬਹੁਤ ਹੀ ਪਵਿੱਤਰ ਅਤੇ ਇਤਿਹਾਸਿਕ ਜਗ੍ਹਾ ਹੈ, ਅਤੇ ਉੱਥੇ ਸ਼ੂਟਿੰਗ ਨਹੀਂ ਕਰਨੀ ਚਾਹੀਦੀ ਸੀ। ਜੰਜੂਆ ਨੇ ਆਪਣੇ ਵੱਲੋਂ ਅਤੇ ਫਿਲਮ ਦੀ ਪੂਰੀ ਯੂਨਿਟ ਵੱਲੋਂ ਮੁਆਫ਼ੀ ਮੰਗਦਿਆਂ ਕਿਹਾ, "ਜੇ ਸਾਡੇ ਕਾਰਨ ਕਿਸੇ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ, ਤਾਂ ਮੈਂ ਤਹਿ ਦਿਲੋਂ ਮਾਫ਼ੀ ਮੰਗਦਾ ਹਾਂ।" ਉਨ੍ਹਾਂ ਨੇ ਇਮਾਮ ਸਾਹਿਬ ਅਤੇ ਪੂਰੀ ਜਨਤਾ ਨੂੰ ਅਪੀਲ ਕੀਤੀ ਕਿ ਉਹ ਉਨ੍ਹਾਂ ਨੂੰ ਮਾਫ਼ ਕਰਨ।

ਦੱਸ ਦੇਈਏ ਕਿ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਨੇ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਪੁਲਸ ਤੋਂ ਮੰਗ ਕੀਤੀ ਸੀ ਕਿ ਫਿਲਮ ਪਿੱਟ ਸਿਆਪਾ ਦੀ ਹੀਰੋਇਨ ਸੋਨਮ ਬਾਜਵਾ ਅਤੇ ਫਿਲਮ ਦੇ ਡਾਇਰੈਕਟਰ ਤੇ ਟੀਮ ਖਿਲਾਫ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਲਈ ਤੁਰੰਤ ਕੋਈ ਐਕਸ਼ਨ ਲਿਆ ਜਾਵੇ। ਸ਼ਾਹੀ ਇਮਾਮ ਨੇ ਕਿਹਾ ਸੀ ਕਿ ਭਗਤ ਸਦਨਾ ਦੇ ਨਾਮ 'ਤੇ ਬਣਾਈ ਗਈ ਇਹ ਮਸਜਿਦ ਇਤਿਹਾਸਿਕ ਹੈ। ਇਤਿਹਾਸਿਕ ਮਸਜਿਦ ਵਿੱਚ ਸ਼ੂਟਿੰਗ ਕਰ ਕੇ ਮਸਜਿਦ ਦੀ ਪਵਿੱਤਰਤਾ ਭੰਗ ਕੀਤੀ ਗਈ ਤੇ ਧਰਮ ਦੀ ਆਸਥਾ ਦੇ ਨਾਲ ਖਿਲਵਾੜ ਕੀਤਾ ਗਿਆ। ਇਸ ਨੂੰ ਨਜ਼ਰ ਅੰਦਾਜ ਨਹੀਂ ਕੀਤਾ ਜਾ ਸਕਦਾ।

ਜਿਵੇਂ ਇਹ ਵਿਵਾਦ ਵਧਿਆ ਅਦਾਕਾਰਾ ਅਤੇ ਪ੍ਰੋਡਿਊਸਰ ਦੋਹਾਂ ਵੱਲੋਂ ਸ਼ਾਹੀ ਇਮਾਮ ਨਾਲ ਨਿੱਜੀ ਤੌਰ 'ਤੇ ਮੁਲਾਕਾਤ ਕਰਕੇ ਲਿਖਤ ਵਿਚ ਮਾਫ਼ੀ ਮੰਗ ਲਈ ਗਈ ਹੈ। ਇੱਥੋਂ ਤੱਕ ਕਿ ਮਸਜਿਦ ਭਗਤ ਸਦਨਾ ਕਸਾਈ ਵਿੱਚ ਕੀਤੀ ਗਈ ਸ਼ੂਟਿੰਗ ਦੇ ਸੀਨ ਨੂੰ ਵੀ ਕੱਟਣ ਦੀ ਗੱਲ ਆਖੀ ਹੈ। ਉਨ੍ਹਾਂ ਕਿਹਾ ਕਿ ਇਸ ਗੱਲ ਨੂੰ ਯਕੀਨੀ ਬਣਾਇਆ ਜਾਵੇਗੀ ਕਿ ਅੱਗੇ ਤੋਂ ਕਿਸੇ ਵੀ ਧਾਰਮਿਕ ਸਥਾਨ 'ਤੇ ਇਸ ਤਰ੍ਹਾਂ ਦੀ ਗਲਤੀ ਨਹੀਂ ਹੋਵੇਗੀ, ਜਿਸ ਨਾਲ ਕਿਸੇ ਵੀ ਸਮਾਜ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪੁਹੰਚੇ।

## ਪੰਜਾਬ ਸਰਕਾਰ ਵੱਲੋਂ ਬਠਿੰਡਾ ਥਰਮਲ ਦੀ ਜਾਇਦਾਦ ਤੋਂ ਬਾਅਦ ਹੁਣ ਥਰਮਲ ਕਾਲੋਨੀ ਵੇਚਣ ਦਾ ਫੈਸਲਾ



**ਬਠਿੰਡਾ, 10 ਦਸੰਬਰ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਸਰਕਾਰ ਨੇ ਬਠਿੰਡਾ ਥਰਮਲ ਦੀ ਜਾਇਦਾਦ ਵੇਚਣ ਦੀ ਪ੍ਰਕਿਰਿਆ ਸ਼ੁਰੂ ਕਰਨ ਤੋਂ ਬਾਅਦ ਹੁਣ ਬਠਿੰਡਾ ਥਰਮਲ ਕਲੋਨੀ ਵੇਚਣ ਦਾ ਫੈਸਲਾ ਕੀਤਾ ਹੈ। ਪਾਵਰਕੌਮ ਦੇ ਬੋਰਡ ਆਫ ਡਾਇਰੈਕਟਰਜ ਨੇ ਕਲੋਨੀ ਦੀ 165 ਏਕੜ ਜ਼ਮੀਨ ਵੇਚਣ ਲਈ ਹਰੀ ਝੰਡੀ ਦੇ ਦਿੱਤੀ ਹੈ। ਬੋਰਡ ਦੇ ਇਹ ਫੈਸਲਾ ਏਜੰਡਾ ਨੰਬਰ ਤਿੰਨ ਤਹਿਤ 21 ਨਵੰਬਰ 2025 ਨੂੰ ਕੀਤਾ ਗਿਆ, ਜਿਸ ਦੀ ਕਾਪੀ ਪੀਟੀਸੀ ਨਿਊਜ਼ ਕੋਲ ਮੌਜੂਦ ਹੈ। ਜਾਣਕਾਰੀ ਅਨੁਸਾਰ ਬਠਿੰਡਾ ਥਰਮਲ ਕਲੋਨੀ ਸਾਲ 1972 ਦੇ ਆਸ ਪਾਸ ਉਸਾਰੀ ਗਈ ਸੀ ਤੇ ਕਰੀਬ 284 ਏਕੜ ਰਕਬੇ ਵਿੱਚ ਇਸ ਕਲੋਨੀ ਦੇ ਚਾਰ ਬਲਾਕ ਬਣਾਏ ਸਨ। ਮੌਜੂਦਾ ਸਮੇਂ ਥਰਮਲ ਕਲੋਨੀ ਦੇ ਬਲਾਕ ਸੀ ਅਤੇ ਬਲਾਕ ਡੀ ਵੇਚੇ ਜਾਣੇ ਹਨ। ਇਸ ਕਲੋਨੀ 'ਚ ਕੁੱਲ 1495 ਮਕਾਨ ਹਨ, ਜਿਨ੍ਹਾਂ 'ਚੋਂ 235 ਮਕਾਨ ਮੁਲਾਜ਼ਮਾਂ ਤੇ ਅਫਸਰ ਰਹਿ ਰਹੇ ਹਨ। ਬਲਾਕ ਸੀ ਅਤੇ ਬਲਾਕ ਡੀ ਵਿੱਚ 320 ਮਕਾਨ ਬਣੇ ਹੋਏ ਹਨ ਬੋਰਡ ਦੇ ਮੁੱਢਲੇ ਪੜਾਅ ਤੇ ਕੁੱਲ 284 ਏਕੜ ਚੋਂ 165 ਏਕੜ ਜਮੀਨ ਪਾਵਰਕੌਮ ਤੋਂ ਪੁੱਡਾ ਦੇ ਨਾਮ ਤਬਦੀਲ ਕਰਨ ਦਾ ਫੈਸਲਾ ਕੀਤਾ ਹੈ। ਇਸ ਕਲੋਨੀ ਵਿੱਚ ਮੁਲਾਜ਼ਮ ਜਾਂ ਅਫਸਰਾਂ ਨੂੰ ਮਕਾਨ ਅਲਾਟ ਨਾ ਕਰਨ ਦਾ ਫੈਸਲਾ ਕੀਤਾ ਗਿਆ ਹੈ ਬਲਾਕ ਡੀ 'ਚ ਰਹਿੰਦੇ ਮੁਲਾਜ਼ਮ ਨੂੰ ਦੂਜੇ ਬਲਾਕਾਂ ਚ ਕਰ ਸ਼ਿਫਟ ਕੀਤੇ ਜਾਣੇ ਹਨ। ਕਲੋਨੀ ਦੀ ਵੇਚੀ ਜਾਣ ਵਾਲੀ ਸੰਪਤੀ 80 ਫੀਸਦੀ ਹਿੱਸਾ ਪਾਵਰਕੌਮ ਅਤੇ 20% ਹਿੱਸਾ ਪੁੱਡਾ ਦਾ ਹੋਵੇਗਾ। ਇਸ ਤੋਂ ਇਲਾਵਾ ਬਠਿੰਡਾ ਥਰਮਲ ਦੀ ਅੰਬੂਜਾ ਸੀਮੈਂਟ ਫੈਕਟਰੀ ਦੇ ਨਾਲ ਲੱਗਦੀ 91 ਏਕੜ ਜਮੀਨ ਤੇ ਬਠਿੰਡਾ ਵਿਕਾਸ ਅਥਾਰਟੀ ਵੱਲੋਂ ਕਲੋਨੀ ਵਿਕਸਿਤ ਕੀਤੀ ਜਾਣੀ ਹੈ ਜਿਸ ਦਾ ਰਸਮੀ ਐਲਾਨ ਜਨਵਰੀ ਨੂੰ ਹੋਣ ਦੀ ਸੰਭਾਵਨਾ ਹੈ ਪਾਵਰਕੌਮ ਦੀਆਂ ਜ਼ਮੀਨਾਂ ਵੇਚਣ ਦਾ ਲਗਾਤਾਰ ਪਾਵਰਕੌਮ ਦੇ ਮੁਲਾਜ਼ਮ ਕਿਸਾਨ ਜਥੇਬੰਦੀਆਂ ਅਤੇ ਵਿਰੋਧੀ ਧਿਰਾਂ ਵੱਲੋਂ ਵੀ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਸਰਕਾਰ ਤੇ ਲਗਾਤਾਰ ਸਵਾਲ ਚੁੱਕੇ ਜਾ ਰਹੇ ਹਨ।

## ਧਾਮੀ ਸਾਹਿਬ ਨੂੰ ਇੰਟਰਨੈਸ਼ਨਲ ਪੰਥਕ ਦਲ ਦੀ ਖੁੱਲ੍ਹੀ ਅਪੀਲ

# 11 ਦਸੰਬਰ ਦੀ ਸ਼੍ਰੋਮਣੀ ਕਮੇਟੀ ਮੀਟਿੰਗ ਵਿਚ ਦੋ ਮਹੱਤਵਪੂਰਨ ਪ੍ਰਸਤਾਵ ਪਾਸ ਕਰਨ ਦੀ ਮੰਗ ਤੇਜ਼

☛ ਫਖਰ-ਏ-ਕੌਮ ਅਤੇ ਪੰਥ ਰਤਨ ਖ਼ਿਤਾਬ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਤੁਰੰਤ ਦਿੱਤਾ ਜਾਵੇ।

☛ ਬਾਬਾ ਜੋਗਿੰਦਰ ਸਿੰਘ ਦੀ ਤਸਵੀਰ ਬਿਨਾ ਕਿਸੇ ਹੋਰ ਦੇਰੀ ਦੇ ਸਿੱਖ ਅਜਾਇਬ ਘਰ ਵਿੱਚ ਲਗਾਈ ਜਾਵੇ।







**ਲੰਡਨ/ਬਰਮਿੰਘਮ, 10 ਦਸੰਬਰ (ਆਵਾਜ਼-ਏ-ਕੌਮ ਬਿਊਰੋ)**— ਇੰਟਰਨੈਸ਼ਨਲ ਪੰਥਕ ਦਲ ਇੰਗਲੈਂਡ, ਇਟਲੀ ਅਤੇ ਆਸਟਰੀਆ ਦੇ ਆਗੂਆਂ ਦੀ ਇੱਕ ਸਾਂਝੀ ਮੀਟਿੰਗ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਤਿੱਖੀ ਅਪੀਲ ਕੀਤੀ ਗਈ ਹੈ ਕਿ 11 ਦਸੰਬਰ ਨੂੰ ਹੋਣ ਵਾਲੀ ਐਗਜ਼ਿਕਟਿਵ ਮੀਟਿੰਗ ਵਿੱਚ ਦੋ ਅਹਿਮ ਪ੍ਰਸਤਾਵ ਤੁਰੰਤ ਪਾਸ ਕੀਤੇ ਜਾਣ।

**ਮੁੱਖ ਦੋ ਮੰਗਾਂ**

1. ਪ੍ਰਕਾਸ਼ ਸਿੰਘ ਬਾਦਲ ਤੋਂ ਵਾਪਸ ਲਿਆ ਗਿਆ 'ਫਖਰ-ਏ-ਕੌਮ' ਅਤੇ 'ਪੰਥ ਰਤਨ' ਖ਼ਿਤਾਬ ਸ਼ਹੀਦ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਦਿੱਤਾ ਜਾਵੇ।

2. ਬਾਬਾ ਜੋਗਿੰਦਰ ਸਿੰਘ ਜੀ (ਸਤਿਕਾਰਯੋਗ ਪਿਤਾ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ) ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਤੁਰੰਤ ਲਗਾਈ ਜਾਵੇ।

ਇਸ ਮੀਟਿੰਗ ਵਿੱਚ ਇੰਟਰਨੈਸ਼ਨਲ ਪੰਥਕ ਦਲ ਆਗੂ ਭਾਈ ਪਰਮਜੀਤ ਸਿੰਘ ਢਾਡੀ — ਅੰਤਰਰਾਸ਼ਟਰੀ ਚੀਫ਼ ਆਰਗੇਨਾਈਜ਼ਰ,। ਭਾਈ ਰਘਬੀਰ ਸਿੰਘ — ਪ੍ਰਧਾਨ, ਇੰਟਰਨੈਸ਼ਨਲ ਪੰਥਕ ਦਲ ਯੂਕੇ ਭਾਈ ਕਪਤਨ ਸਿੰਘ — ਜਨਰਲ ਸਕੱਤਰ ਅਤੇ ਮੁੱਖ ਬੁਲਾਰਾ ਯੂਕੇ ਭਾਈ ਰਘਵੀਰ ਸਿੰਘ ਬੀਰ੍ਹਾ — ਸੀਨੀਅਰ ਮੀਤ ਪ੍ਰਧਾਨ ਯੂਕੇ ਭਾਈ ਰਘਵੀਰ ਸਿੰਘ ਮਾਲੜੀ — ਚੀਫ ਆਰਗੇਨਾਈਜ਼ਰ, ਯੂਕੇ ਭਾਈ ਪ੍ਰਗਟ ਸਿੰਘ ਅਤੇ ਸਾਥੀ — ਪ੍ਰਧਾਨ, ਇਟਲੀ ਭਾਈ ਨਛੱਤਰ ਸਿੰਘ — ਪ੍ਰਧਾਨ, ਆਸਟਰੀਆ ਅਤੇ ਹੋਰ ਆਗੂ ਹਾਜ਼ਰ ਸਨ।

ਮੀਟਿੰਗ ਵਿੱਚ ਵੱਡੇ ਪੱਧਰ 'ਤੇ ਗਹਿਰੀ ਚਰਚਾ ਕੀਤੀ ਗਈ ਅਤੇ ਲੰਬੇ ਸਮੇਂ ਤੋਂ ਚੱਲ ਰਹੀਆਂ ਪੰਥਕ ਮੰਗਾਂ ਨੂੰ ਫਿਰ ਇੱਕ ਵਾਰ ਸਸਤੀਕਰਣ ਨਾਲ ਧਾਮੀ ਸਾਹਿਬ ਦੇ ਧਿਆਨ ਵਿੱਚ ਲਿਆ ਗਿਆ।

**ਫਖਰ-ਏ-ਕੌਮ ਖ਼ਿਤਾਬ ਨੂੰ ਲੈ ਕੇ ਤਿੱਖਾ ਰੁਖ**

ਇੰਟਰਨੈਸ਼ਨਲ ਪੰਥਕ ਦਲ ਨੇ ਦੋਹਰਾਇਆ ਕਿ ਕਈ ਵਾਰ ਮੈਮੋਰੰਡਮ, ਅਪੀਲਾਂ ਅਤੇ ਈਮੇਲਾਂ ਰਾਹੀਂ ਸ਼੍ਰੋਮਣੀ ਕਮੇਟੀ ਨੂੰ ਬੇਨਤੀ ਕੀਤੀ ਗਈ ਹੈ। ਕੌਮ ਦਾ ਸਪਸ਼ਟ ਮਤ ਹੈ ਕਿ ਇਹ ਖ਼ਿਤਾਬ ਸ਼ਹੀਦੀ ਰੂਹ ਭਾਈ ਗੁਰਦੇਵ ਸਿੰਘ ਕਾਉਂਕੇ ਦੇ ਪਰਿਵਾਰ ਨੂੰ ਸੌਂਪਿਆ ਜਾਵੇ। ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੰਭੀਰਤਾ ਦੀ ਕਮੀ ਦਿੱਖ ਰਹੀ ਹੈ, ਇਸ ਲਈ ਇਸ ਮੁੱਦੇ ਨੂੰ ਮੀਟਿੰਗ ਵਿੱਚ ਪਾਸ ਕੀਤਾ ਜਾਣਾ ਬਹੁਤ ਜ਼ਰੂਰੀ ਹੈ।

**ਬਾਬਾ ਜੋਗਿੰਦਰ ਸਿੰਘ ਦੀ ਤਸਵੀਰ ਨਾ ਲਗਾਉਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਉੱਤੇ ਸਵਾਲ**

ਜਥੇਬੰਦੀ ਦੇ ਨੁਮਾਇੰਦਿਆਂ ਨੇ ਦਾਅਵਾ ਕੀਤਾ ਕਿ: ਧਾਮੀ ਸਾਹਿਬ ਨੇ ਪਹਿਲਾਂ ਪਰਿਵਾਰ ਨੂੰ ਲਿਖਤੀ ਭਰੋਸਾ ਦਿੱਤਾ ਸੀ ਕਿ ਬਾਬਾ ਜੋਗਿੰਦਰ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਲਗਾਈ ਜਾਵੇਗੀ। ਪਰ "ਐਨ ਮੌਕੇ" 'ਤੇ ਬਾਦਲ ਪਰਿਵਾਰ ਦੇ ਦਬਾਅ ਕਾਰਨ ਇਹ ਤਸਵੀਰ ਨਹੀਂ ਲਗਾਈ ਗਈ। ਉਹਨਾਂ ਨੇ ਕਿਹਾ ਕਿ ਜੇ ਧਾਮੀ ਸਾਹਿਬ ਇਸ ਵਾਰ ਵੀ ਉਹੀ ਰਵੱਈਆ ਰੱਖਦੇ ਹਨ ਤਾਂ ਇਹ "ਦਾਗ." ਉਹਨਾਂ ਦੀ ਪ੍ਰਧਾਨਗੀ ਨਾਲ ਸਦੀਵੀ ਜੁੜਿਆ ਰਹੇਗਾ।

**"ਕੌਮ ਜਾਣਦੀ ਹੈ ਕਿਵੇਂ ਨਜਿੱਠਣਾ ਹੈ" — ਪੰਥਕ ਦਲ ਦੀ ਕੜੀ ਚੇਤਾਵਨੀ**

ਜਥੇਬੰਦੀ ਨੇ ਧਾਮੀ ਸਾਹਿਬ ਨੂੰ ਸਪਸ਼ਟ ਸੰਦੇਸ਼ ਦਿੱਤਾ:

"ਜੇ ਤੁਸੀਂ ਆਪਣੀ ਪ੍ਰਧਾਨਗੀ ਦੌਰਾਨ ਇਹ ਕੰਮ ਨਹੀਂ ਕਰਦੇ, ਤਾ ਕੌਮ ਜਾਣਦੀ ਹੈ ਕਿ ਤੁਹਾਡੇ ਨਾਲ ਕਿਵੇਂ ਨਜਿੱਠਣਾ ਹੈ।"

"ਅਸੀਂ ਇਹ ਮੁੱਦੇ ਮੁੜ-ਮੁੜ ਉਠਾਂਦੇ ਰਹਾਂਗੇ ਤਾਂ ਜੋ ਕੌਮ ਨੂੰ ਪਤਾ ਰਹੇ ਕਿ ਸ਼੍ਰੋਮਣੀ ਕਮੇਟੀ ਇਸ ਬਾਰੇ ਕੀ ਕਰ ਰਹੀ ਹੈ।"

**ਆਖ਼ਰੀ ਅਪੀਲ**

ਇੰਟਰਨੈਸ਼ਨਲ ਪੰਥਕ ਦਲ ਨੇ ਇੱਕ ਵਾਰ ਫਿਰ ਜੋਰ ਦਿੰਦਿਆਂ ਕਿਹਾ: ਫਖਰ-ਏ-ਕੌਮ ਅਤੇ ਪੰਥ ਰਤਨ ਖ਼ਿਤਾਬ ਜਥੇਦਾਰ ਭਾਈ ਗੁਰਦੇਵ ਸਿੰਘ ਕਾਉਂਕੇ ਨੂੰ ਤੁਰੰਤ ਦਿੱਤਾ ਜਾਵੇ। ਬਾਬਾ ਜੋਗਿੰਦਰ ਸਿੰਘ ਦੀ ਤਸਵੀਰ ਬਿਨਾ ਕਿਸੇ ਹੋਰ ਦੇਰੀ ਦੇ ਸਿੱਖ ਅਜਾਇਬ ਘਰ ਵਿੱਚ ਲਗਾਈ ਜਾਵੇ।

ਮੰਗ ਦੀ ਪੁਸ਼ਟੀ ਕਰਦਿਆਂ ਜਥੇਬੰਦੀ ਨੇ ਕਿਹਾ ਕਿ ਇਹ ਦੋਵੇਂ ਮੁੱਦੇ ਪੰਥਕ ਮਨੋਕਾਮਨਾ ਹਨ ਅਤੇ 11 ਦਸੰਬਰ ਦੀ ਮੀਟਿੰਗ ਇਸ ਸੰਬੰਧੀ ਇੱਕ ਮਹੱਤਵਪੂਰਨ ਅਜੰਡਾ ਹੋਣਾ ਚਾਹੀਦਾ ਹੈ।



ਅੰਤਰਰਾਸ਼ਟਰੀ ਚੀਫ ਆਰਗੇਨਾਈਜ਼ਰ ਪਰਮਜੀਤ ਸਿੰਘ ਢਾਡੀ



ਪ੍ਰਧਾਨ ਭਾਈ ਰਘਬੀਰ ਸਿੰਘ ਵਾਲਸਾਲ



ਮੁੱਖ ਬੁਲਾਰੇ ਅਤੇ ਜਨਰਲ ਸਕੱਤਰ ਭਾਈ ਕਪਤਾਨ ਸਿੰਘ



ਚੀਫ ਆਰਗੇਨਾਈਜ਼ਰ ਭਾਈ ਰਘਬੀਰ ਸਿੰਘ ਮਾਲੜੀ



ਸੀਨੀਅਰ ਪ੍ਰਧਾਨ ਭਾਈ ਰਘਬੀਰ ਸਿੰਘ ਬੀਰ੍ਹਾ



ਭਾਈ ਪ੍ਰਗਟ ਸਿੰਘ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਇਟਲੀ



ਬਾਬਾ ਨਛੱਤਰ ਸਿੰਘ ਜੀ, ਭੈਣੀ ਮੱਸਾ ਸਿੰਘ, ਪ੍ਰਧਾਨ, ਆਸਟਰੀਆ (ਯੂਰਪ)

## ਇੰਟਰਨੈਸ਼ਨਲ ਪੰਥਕ ਦਲ ਯੂ ਕੇ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ




Physical death i do not fear death of conscience is a sure death

Sant Jarnail Singh Ji Khalsa Bhindranwale

www.damdamitaksal.net



ਨਾਮ ਜਪੋ ਕਿਰਤ ਕਰੋ ਵੰਡ ਛੱਕੋ — Naam Japo Kirat Karo Vand Shako

ਦਮਦਮੀ ਟਕਸਾਲ ਜਥਾ ਭਿੰਡਰਾਂ (ਮਹਿਤਾ)

www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ — WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ

Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ

Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ

Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ

Learn Gurmukhi Punjabi

ਗਤਕਾ ਸਿੱਖੋ Learn Gatka

www.damdamitaksal.net



ਆਵਾਜ਼ਿ ਕੌਮ

Daily Newspaper from U.K.

Publisher/Chief Editor

**Raghbir Singh Walsal**

E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I

Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


# ਸੰਤ ਗਿਆਨੀ ਗੁਰਬਚਨ ਸਿੰਘ ਜੀ

# ਖਾ਼ਲਸਾ ਮੈਮੋਰੀਅਲ ਹਸਪਤਾਲ

## ਇੱਥੇ ਹਰ ਸ਼ਨੀਵਾਰ ਅੱਖਾਂ ਦੇ ਫ੍ਰੀ ਆਪ੍ਰੇਸ਼ਨ ਕੀਤੇ ਜਾਂਦੇ ਹਨ।



+91 98767-50784 +91 98767-50784

ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂਵਾਲੇ

ਮੁਖੀ ਦਮਦਮੀ ਟਕਸਾਲ, ਪ੍ਰਧਾਨ ਸੰਤ ਸਮਾਜ

## ਮਹਿਤਾ ਚੌਂਕ, ਅੰਮ੍ਰਿਤਸਰ


ਸਾਂਝਾ ਪੰਜਾਬ
VEG & NON-VEG INDIAN
WE CATER FOR
★★★★★
Birthday
Weddings
Parties
All Other Occasions
Sanjay Foods
Mirch Masala
HSBC
Ladlee Direct
Night Pharmacy
Chai Paani
Ross Walk Launderette
Shiva Shakti Foods
Roopkala Beauty Salon
Heena Tailor
Hyderabad Wala - Leicester
Cossington Recreation ground
Belgrave Neighbourhood Centre
Belgrave Health Centre
Health Centre Car Park
Milans
Shiv Sagar Veg
Brandon Street Surgery
Punjabi Tarka
Shivalaya The Leicestershire Brahma...
SANJHA PUNJAB
VEG & NON-VEG INDIAN
TAKE AWAY MENU
0116 291 1565
075 9999 5787
47 BELGRAVE ROAD
LEICESTER LE4 6AR
visit us : www.sanjhapunjab.co.uk
email: sanjha47@hotmail.com
SANJHA PUNJAB
VEG & NON-VEG INDIAN
0116 291 1565
visit us : www.sanjhapunjab.co.uk
email: sanjha47@hotmail.com
ALLERGY ADVICE !!
Please ask a member of staff if you have any food intolerance or allergies.
ਆਵਾਜ਼ਿ ਕੌਮ
AWAZE QAUM
International Newspaper & WEB TV




# SAROA DENTAL CLINIC & IMPLANT CENTRE

**A Multispeciality Dental Clinic...**

- DENTAL CHECKUP
- CLEANING
- ROOT CANALS
- PREVENTIVE CARE

**LATEST FACILITIES AVAILABLE :**

Dental Implants
Dental Laset
Tooth Coloured Braces
Digital IOPA x-ray
Digital OPG x-ray

**DR. KAMALJIT SAROA**
B.D.S., Dental Surgeon
Moti Nagar, Near Railway
Crossing, Maqsudan
Jalandhar-144 008

**Contact :**
**98150-83338**
**70879-59639**



ਮੈਂ ਖ਼ੁਦ ਆਪਣਾ ਇਲਾਜ ਆਪਣੀ ਇੰਡੀਆ ਵਿਜਿਟ ਦੌਰਾਨ ਇੱਥੋਂ ਕਰਵਾਇਆ ਹੈ ਅਤੇ ਮੈਂ ਸਮੂਹ ਐਨ. ਆਰ. ਆਈਜ਼ ਅਤੇ ਲੋਕਲ ਵਸਨੀਕਾਂ ਨੂੰ ਵਿਸ਼ਵਾਸ ਦਿਵਾਉਂਦਾ ਹਾਂ ਕਿ ਸਰੋਆ ਡੈਂਟਲ ਕਲੀਨਿਕ ਅਤੇ ਇੰਪਲਾਂਟ ਸੈਂਟਰ ਵੱਲੋਂ ਬਹੁਤ ਹੀ ਵਧੀਆ ਅਤੇ ਵਾਜਬ ਸੇਵਾਵਾਂ ਪ੍ਰਦਾਨ ਕੀਤੀਆਂ ਹਨ ਅਤੇ ਇਸੇ ਕਾਰਨ ਮੈਂ ਅਪੀਲ ਕਰਦਾ ਹਾਂ ਕਿ ਜੇਕਰ ਕਿਸੇ ਨੂੰ ਵੀ, ਕਿਸੇ ਵੀ ਤਰ੍ਹਾਂ ਦੀ ਦੰਦਾਂ ਨਾਲ ਸੰਬੰਧਤ ਕੋਈ ਤਕਲੀਫ਼ ਹੈ ਤਾਂ ਇੱਕ ਵਾਰ ਇੱਥੇ ਜ਼ਰੂਰ ਵਿਜ਼ਿਟ ਕਰੋ।

-ਰਘਵੀਰ ਸਿੰਘ ਵਾਲਸਾਲ, ਮੁੱਖ ਸੰਪਾਦਕ 'ਆਵਾਜ਼ਿ ਕੌਮ, ਯੂ. ਕੇ.'





### ਸਲਾਨਾ ਐਨ.ਸੀ.ਸੀ. ਟ੍ਰੇਨਿੰਗ ਕੈਂਪ ਵਿੱਚ

# ਜੀ.ਕੇ.ਯੂ. ਕੈਡਿਟਾਂ ਦੀਆਂ ਸ਼ਾਨਦਾਰ ਪ੍ਰਾਪਤੀਆਂ

ਤਲਵੰਡੀ ਸਾਬੋ, 10 ਦਸੰਬਰ (ਗੁਰਜੰਟ ਸਿੰਘ ਨਥੇਹਾ)- 6 ਪੀਬੀ ਬਟਾਲੀਅਨ ਐਨ.ਸੀ.ਸੀ. ਮਲੋਟ ਵੱਲੋਂ ਐਨ.ਸੀ.ਸੀ. ਅਕਾਦਮੀ ਮਲੋਟ ਵਿੱਖੇ ਕਮਾਂਡਿੰਗ ਅਫ਼ਸਰ ਕਰਨਲ ਭੁਪਿੰਦਰ ਸਿੰਘ ਮਾਨ ਦੀ ਦੇਖ-ਰੇਖ ਹੇਠ ਆਯੋਜਿਤ ਸਲਾਨਾ ਟ੍ਰੇਨਿੰਗ ਕੈਂਪ ਵਿੱਚ ਗੁਰੂ ਕਾਸ਼ੀ ਯੂਨੀਵਰਸਿਟੀ ਦੇ ਕੈਡਿਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਕੈਡਿਟਾਂ ਨੇ ਖੋ-ਖੋ ਅਤੇ

ਆਵਾਜ਼ਿ ਕੌਮ AWAZE QAUM
International Newspaper & WEB TV

ਲਾਈਨ ਏਰੀਆ ਮੁਕਾਬਲੇ ਵਿੱਚ ਪਹਿਲਾ, ਅੜਿਕਾ ਟ੍ਰੇਨਿੰਗ ਮੁਕਾਬਲੇ ਵਿੱਚ ਦੂਜਾ ਅਤੇ ਵਾਦ-ਵਿਵਾਦ ਪ੍ਰਤੀਯੋਗਿਤਾ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪਰੋ. ਵਾਈਸ ਚਾਂਸਲਰ ਪ੍ਰੋ. (ਡਾ.) ਜਗਤਾਰ ਸਿੰਘ ਧੀਮਾਨ ਤੇ ਡਾਇਰੈਕਟਰ ਕੈਂਪਸ ਡਾ. ਹਰਜਸਪਾਲ ਸਿੰਘ ਵੱਲੋਂ ਕੈਡਿਟਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਡਾ. ਧੀਮਾਨ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਵਿੱਚ ਰਹਿ ਕੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਐਨ.ਸੀ.ਸੀ. ਸਾਡੇ ਵਿੱਚ ਦੇਸ਼ ਭਗਤੀ ਦੀ ਭਾਵਨਾ ਜਗਾਉਂਦੀ ਹੈ। ਡਾਇਰੈਕਟਰ ਕੈਂਪਸ ਨੇ ਐਨ.ਸੀ.ਸੀ. ਕੈਡਿਟਾਂ ਵੱਲੋਂ ਸੰਕਟ ਪ੍ਰਬੰਧਨ ਕੀਤੇ ਗਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਕੈਡਿਟਾਂ ਨੂੰ ਸਮਾਜ ਵਿੱਚ ਚੱਲ ਰਹੀਆਂ ਕੁਰੀਤੀਆਂ ਨੂੰ ਦੂਰ ਕਰਨ ਵਿੱਚ ਆਪਣਾ ਯੋਗਦਾਨ ਪਾਉਣ ਲਈ ਕਿਹਾ। ਕੈਂਪ ਬਾਰੇ ਜਾਣਕਾਰੀ ਦਿੰਦਿਆਂ ਕੈਂਪ ਐਡਜੂਟੈਂਟ ਲੈਫਟਿਨੈਂਟ ਮਿਸਾਲ, ਐਸੋਸਿਏਟ ਐਨ.ਸੀ.ਸੀ. ਅਫ਼ਸਰ ਨੇ ਦੱਸਿਆ ਕਿ ਇਸ ਦਸ ਰੋਜ਼ਾ ਕੈਂਪ ਵਿੱਚ ਪੰਜਾਬ ਦੇ ਵੱਖ-ਵੱਖ ਸਕੂਲਾਂ ਅਤੇ ਕਾਲਜਾਂ ਦੇ 459 ਕੈਡਿਟਾਂ ਨੇ ਹਿੱਸਾ ਲਿਆ। ਕੈਂਪ ਦੌਰਾਨ ਕੈਡਿਟਾਂ ਨੂੰ ਡਰਿੱਲ, ਸ਼ਸਤ੍ਰ ਵਿਦਿਆ, ਮੈਪ ਰੀਡਿੰਗ, ਫੀਲਡ ਟ੍ਰੇਨਿੰਗ, ਗੈਸ ਸੇਫਟੀ, ਸਾਈਬਰ ਸੁਰੱਖਿਆ, ਫਾਇਰ ਫਾਇਟਿੰਗ ਆਦਿ ਦੀ ਵਿਸ਼ੇਸ਼ ਟ੍ਰੇਨਿੰਗ ਦਿੱਤੀ ਗਈ। ਇਸ ਤੋਂ ਇਲਾਵਾ ਕਈ ਸੱਭਿਆਚਾਰਕ ਅਤੇ ਰਚਨਾਤਮਕ ਮੁਕਾਬਲੇ ਵੀ ਕਰਵਾਏ ਗਏ। ਜਿਨ੍ਹਾਂ ਵਿੱਚ ਵਰਸਿਟੀ ਦੇ ਕੈਡਿਟਾਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਇਲਾਕੇ ਦਾ ਨਾਂ ਰੋਸ਼ਨ ਕੀਤਾ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕੈਂਪ ਦਾ ਮੁੱਖ ਉਦੇਸ਼ ਕੈਡਿਟਾਂ ਵਿੱਚ ਅਨੁਸ਼ਾਸਨ ਵਿੱਚ ਰਹਿਣਾ, ਸਮੇਂ ਦੀ ਪਾਬੰਦੀ, ਟੀਮ ਵਰਕ ਅਤੇ ਸੰਕਟ ਕਾਲ ਵਿੱਚ ਪ੍ਰਸ਼ਾਸਨ ਅਤੇ ਸਮਾਜ ਨੂੰ ਸਹਿਯੋਗ ਦੇਣ ਲਈ ਮਨੋਬਲ ਮਜ਼ਬੂਤ ਕਰਨਾ ਸੀ। ਜੀ.ਕੇ.ਯੂ. ਦੇ ਕੈਡਿਟਾਂ ਦੀ ਪ੍ਰਾਪਤੀ ਨੇ ਯੂਨੀਵਰਸਿਟੀ ਦਾ ਮਾਣ ਵਧਾਇਆ ਹੈ।



ਮਨੁੱਖੀ ਅਧਿਕਾਰ ਦਿਵਸ ’ਤੇ ਵਿਸ਼ੇਸ਼

# ਯੂ.ਐਨ. ਓ ਭਾਰਤ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਦੇ ਹੱਕਾਂ ’ਤੇ ਚੁੱਪ ਕਿਉਂ ? - ਗੁਰਚਰਨ ਸਿੰਘ ਗੁਰਾਇਆ





**ਜਰਮਨੀ, 10 ਦਸੰਬਰ (ਸਰਬਜੀਤ ਸਿੰਘ ਬਨੂੜ)**-ਦੂਸਰੇ ਸੰਸਾਰ ਯੁੱਧ ਤੋਂ ਬਾਅਦ 1948 ਨੂੰ ਬਣੇ ਮਨੁੱਖੀ ਅਧਿਕਾਰ ਚਾਰਟਰ ਨੂੰ 76 ਸਾਲ ਹੋ ਗਏ ਹਨ, ਪਰ ਭਾਰਤ ਸਮੇਤ ਕਈ ਦੇਸ਼ਾਂ ਵਿੱਚ ਮਨੁੱਖੀ ਹੱਕਾਂ ਦੀ ਉਲੰਘਣਾ ਅਜੇ ਵੀ ਰੁਕੀ ਨਹੀਂ। ਵਰਲਡ ਸਿੱਖ ਪਾਰਲੀਮੈਂਟ ਦੇ ਆਗੂ ਗੁਰਚਰਨ ਸਿੰਘ ਗੁਰਾਇਆ ਨੇ ਮਨੁੱਖੀ ਅਧਿਕਾਰ ਦਿਵਸ ਮੌਕੇ ਯੂਨਾਈਟਿਡ ਨੇਸ਼ਨ ’ਤੇ ਸਵਾਲ ਖੜ੍ਹੇ ਕੀਤੇ ਹਨ ਕਿ ਭਾਰਤ ਵਿੱਚ ਸਿੱਖਾਂ ਤੇ ਹੋ ਰਹੇ ਜ਼ੁਲਮਾਂ ’ਤੇ ਕਦੋਂ ਅਵਾਜ਼ ਚੁੱਕੀ ਜਾਵੇਗੀ। ਉਹਨਾਂ ਕਿਹਾ ਕਿ ਯੂ.ਐਨ. ਚਾਰਟਰ ਮੁੱਢਲੀ ਆਜ਼ਾਦੀ, ਬੋਲਣ ਦਾ ਹੱਕ, ਧਾਰਮਿਕ ਅਜ਼ਾਦੀ ਅਤੇ ਆਤਮ-ਨਿਰਣੇ ਦੇ ਅਧਿਕਾਰ ਦੀ ਗਾਰੰਟੀ ਦਿੰਦਾ ਹੈ ਪਰ ਭਾਰਤ ਨੇ ਪਿਛਲੇ ਕਈ ਦਹਾਕਿਆਂ ਵਿੱਚ ਪੰਜਾਬ, ਕਸ਼ਮੀਰ, ਨਾਗਾਲੈਂਡ, ਆਸਾਮ ਅਤੇ ਮਣੀਪੁਰ ਵਿੱਚ ਮਨੁੱਖੀ ਹੱਕਾਂ ਦੀ ਖੁੱਲ੍ਹੀ ਉਲੰਘਣਾ ਕੀਤੀ ਹੈ। ਪੁਲਸ ਵੱਲੋਂ ਸ. ਜਸਵੰਤ ਸਿੰਘ ਖਾਲੜੇ ਵਰਗੇ ਹੱਕਾਂ ਦੇ ਰੱਖਵਾਲੇ ਮਾਰ ਮੁਕਾ ਦਿੱਤੇ ਗਏ, ਪਰ ਅੰਤਰਰਾਸ਼ਟਰੀ ਸੰਸਥਾਵਾਂ ਵਲੋਂ ਕਾਰਵਾਈ ਨਹੀਂ ਹੋਈ।

ਗੁਰਾਇਆ ਨੇ ਦਾਅਵਾ ਕੀਤਾ ਕਿ ਭਾਰਤੀ ਏਜੰਸੀਆਂ ਨੇ ਵਿਦੇਸ਼ਾਂ ਵਿੱਚ ਵੀ ਸਿੱਖ ਆਵਾਜ਼ਾਂ ਨੂੰ ਨਿਸ਼ਾਨਾ ਬਣਾਇਆ। ਕਨੇਡਾ ਵਿੱਚ ਹਰਦੀਪ ਸਿੰਘ ਨਿੱਝਰ, ਇੰਗਲੈਂਡ ਵਿੱਚ ਅਵਤਾਰ ਸਿੰਘ ਖੰਡਾ, ਅਤੇ ਯੂਕੇ ਵਿੱਚ ਪਰਮਜੀਤ ਸਿੰਘ ਪੰਜਵੜ ਦੇ ਕਤਲਾਂ ਬਾਰੇ ਕਨੇਡਾ ਅਤੇ ਅਮਰੀਕਾ ਨੇ ਖੁਦ ਖੁਲਾਸੇ ਕੀਤੇ ਹਨ।ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ ਨੂੰ ਮਾਰਨ ਦੀ ਯੋਜਨਾ ਵੀ ਫੇਲ ਕੀਤੀ ਗਈ।

ਉਨ੍ਹਾਂ ਕਿਹਾ ਕਿ ਜਦੋਂ 193 ਦੇਸ਼ਾਂ ਦੀ ਯੂ.ਐਨ. ਮਨੁੱਖੀ ਹੱਕ ਦਿਵਸ ਮਨਾ ਰਹੀ ਹੈ, ਤਾਂ ਭਾਰਤ ਵਰਗੇ ਦੇਸ਼ਾਂ ਨੂੰ ਕਟਿਹਰੇ ਵਿੱਚ ਖੜ੍ਹਾ ਕਰਨਾ ਲਾਜ਼ਮੀ ਹੈ ਜੇ ਯੂ.ਐਨ. ਪ੍ਰਭਾਵਸ਼ਾਲੀ ਕਾਰਵਾਈ ਨਹੀਂ ਕਰਦੀ, ਤਾਂ 1948 ਦਾ ਮਨੁੱਖੀ ਹੱਕਾਂ ਦਾ ਚਾਰਟਰ ਸਿਰਫ਼ ਕਾਗਜ਼ੀ ਰਸਮ ਬਣ ਕੇ ਰਹਿ ਜਾਂਦਾ ਹੈ।

ਯੂਕੇ ਵੱਲੋਂ ਗੁਰਪ੍ਰੀਤ ਸਿੰਘ ’ਤੇ ਪਾਬੰਦੀਆਂ

# ਦੁਨੀਆ ਭਰ ਦੀਆਂ 200 ਤੋਂ ਵੱਧ ਸਿੱਖ ਸੰਸਥਾਵਾਂ ਵੱਲੋਂ ਸਖ਼ਤ ਨਿੰਦਾ

☛ ਭਾਰਤ ਨੂੰ ਰਾਜਨੀਤਿਕ ਤੋਹ.ਫ਼ਾ ਦੇਣ ਲਈ ਯੂਕੇ ਸਰਕਾਰ ਆਪਣਿਆਂ ਹੀ ਨਾਗਰਿਕਾਂ ਖ਼ਿਲਾ.ਫ ਟ੍ਰਾਂਸਨੈਸ਼ਨਲ ਕਾਰਵਾਈਆਂ ’ਚ ਸ਼ਾਮਲ ਹੋ ਰਹੀ ਹੈ - ਪੰਥਕ ਜਥੇਬੰਦੀਆਂ

☛ ਸੇਵਿੰਗ ਪੰਜਾਬ ’ਤੇ ਵੀ ਚੋਟ , ਯੂਕੇ ਦੇ ਫੈਸਲੇ ਨੇ ਨਵੀਂ ਬਹਿਸ ਛੇੜੀ

**ਲੰਡਨ, 10 ਦਸੰਬਰ (ਸਰਬਜੀਤ ਸਿੰਘ ਬਨੂੜ)**-ਯੂਨਾਈਟਡ ਕਿੰਗਡਮ ਵੱਲੋਂ ਸਿੱਖ ਮਨੁੱਖੀ ਹੱਕਾਂ ਦੇ ਮੁਹਿੰਮ ਦੌਰਾਨ ਗੁਰਪ੍ਰੀਤ ਸਿੰਘ ਉੱਤੇ ਲਗਾਈਆਂ ਗਈਆਂ ਅਚਾਨਕ ਅਤੇ ਮਨਮਾਨੀਆਂ ਪਾਬੰਦੀਆਂ ਨੇ ਸਾਰੀ ਦੁਨੀਆ ਦੇ ਸਿੱਖ ਸਮੂਹ ਵਿੱਚ ਗੰਭੀਰ ਚਿੰਤਾ ਪੈਦਾ ਕਰ ਦਿੱਤੀ ਹੈ। ਦੁਨੀਆ ਭਰ ਦੀਆਂ 200 ਤੋਂ ਵੱਧ ਸਿੱਖ ਸੰਸਥਾਵਾਂ ਨੇ ਸਾਂਝੇ ਬਿਆਨ ਰਾਹੀਂ ਇਸ ਫੈਸਲੇ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਯੂਕੇ ਸਰਕਾਰ ਭਾਰਤੀ ਰਾਜ ਦੀ ਦਬਾਅ-ਭਰੀ ਨੀਤੀ ਦਾ ਹਿੱਸਾ ਬਣਦੀ ਦਿੱਖ ਰਹੀ ਹੈ।



200 ਤੋਂ ਵੱਧ ਸੰਸਥਾਵਾਂ ਨੇ ਕਿਹਾ ਕਿ ਗੁਰਪ੍ਰੀਤ ਸਿੰਘ ਨੇ ਲੰਬੇ ਸਮੇਂ ਤੋਂ ਸੰਯੁਕਤ ਰਾਸ਼ਟਰ ਵਿੱਚ ਪੰਜਾਬ ਦੇ ਪਾਣੀ ਸੰਕਟ, ਸਸਟੇਨਬਿਲਟੀ, ਸਮੂਹਕ ਵੈਲਬੀਇੰਗ ਅਤੇ ਸਿੱਖ ਨਸਲਕੁਸ਼ੀ (Sikh Genocide) ਬਾਰੇ ਮਹੱਤਵਪੂਰਨ ਰਿਸਰਚ ਤੇ ਪੇਸ਼ਕਾਰੀਆਂ ਕੀਤੀਆਂ ਹਨ। ਯੂਰਪ, ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਉਨ੍ਹਾਂ ਦੇ ਸੈਮੀਨਾਰਾਂ ਨੇ ਅੰਤਰਰਾਸ਼ਟਰੀ ਪੱਧਰ ’ਤੇ ਪੰਜਾਬੀ ਮਸਲਿਆਂ ਨੂੰ ਮਜ਼ਬੂਤ ਢੰਗ ਨਾਲ ਉਭਾਰਿਆ ਹੈ। ਸਿੱਖ ਜਥੇਬੰਦੀਆਂ ਮੁਤਾਬਕ, ਇਹੀ ਉੱਚ ਪੱਧਰੀ ਸੱਚਾਈ ਦੀ ਅਵਾਜ਼ ਹੀ ਹੈ ਜਿਸ ਕਰਕੇ ਭਾਰਤ ਉਨ੍ਹਾਂ ਨੂੰ ਲੰਮੇ ਸਮੇਂ ਤੋਂ ਨਿਸ਼ਾਨਾ ਬਣਾਉਂਦਾ ਆ ਰਿਹਾ ਹੈ, ਤੇ ਹੁਣ ਯੂਕੇ ਵੀ ਉਸ ਦਬਾਅ ਹੇਠ ਆ ਗਿਆ ਹੈ।

**ਭਾਰਤ ਤੋਂ ਖੁੱਲ੍ਹੀਆਂ ਧਮਕੀਆਂ; ਸੁਰੱਖਿਆ ’ਤੇ ਚਿੰਤਾ**

HM Treasury ਵੱਲੋਂ ਇਲਜ਼ਾਮ ਲੱਗਣ ਤੋਂ ਬਾਅਦ ਭਾਰਤ ਵਿੱਚੋਂ ਕਈ ਅਨਲਾਈਨ ਟਿੱਪਣੀਆਂ ਵਿੱਚ ਗੁਰਪ੍ਰੀਤ ਦੀ ਹੱਤਿਆ ਤੱਕ ਦੀਆਂ ਧਮਕੀਆਂ ਦਿੱਤੀਆਂ ਗਈਆਂ। ਸਿੱਖ ਸਮਾਜ ਨੇ ਇਸਨੂੰ ਬਹੁਤ ਗੰਭੀਰ ਮਾਮਲਾ ਦੱਸਦਿਆਂ ਕਿਹਾ ਹੈ ਕਿ ਇਹ ਗੁਰਪ੍ਰੀਤ ਸਿੰਘ ਦੀ ਜਾਨ ਨੂੰ ਸਿੱਧਾ ਖ਼ਤਰਾ ਹੈ।

**ਯੂਕੇ ਪਾਬੰਦੀਆਂ ਦਾ ਦਾਇਰਾ ‘ਸੇਵਿੰਗ ਪੰਜਾਬ’ ਤੱਕ ਵੀ ਵਧਿਆ**

ਯੂਕੇ ਸਰਕਾਰ ਨੇ ਕੇਵਲ ਗੁਰਪ੍ਰੀਤ ਨੂੰ ਨਹੀਂ, ਸਗੋਂ ਉਨ੍ਹਾਂ ਦੀ ਸੰਸਥਾ ‘Saving Punjab’ ਨੂੰ ਵੀ ਨਿਸ਼ਾਨਾ ਬਣਾਇਆ ਹੈ। ਗੁਰਪ੍ਰੀਤ ਸਿੰਘ ਦੀ ਡਾਇਰੈਕਟਰਸ਼ਿਪ ਰੱਦ ਕਰਕੇ ਅਤੇ ਅਸੈੱਟਸ ਫ੍ਰੀਜ਼ ਕਰਕੇ ਇਹ ਸੁਨਿਸ਼ਚਿਤ ਕੀਤਾ ਜਾ ਰਿਹਾ ਹੈ ਕਿ ਉਹ ਪੰਜਾਬ ਬਾਰੇ ਮਨੁੱਖੀ ਹੱਕਾਂ ਦੀ ਰਿਸਰਚ ਜਾਰੀ ਨਾ ਰੱਖ ਸਕਣ।

ਸਿੱਖ ਜਥੇਬੰਦੀਆਂ ਦੇ ਅਨੁਸਾਰ, ਇਹ ਕੁਝ ਹੋਰ ਨਹੀਂ ਬਲਕਿ ਗੁਰਪ੍ਰੀਤ ਦੀ ਅੰਤਰਰਾਸ਼ਟਰੀ ਵਕਾਲਤ ਨੂੰ ਰੋਕਣ ਦੀ ਸਾਜ਼ਿਸ਼ ਹੈ, ਜਿਸ ਨਾਲ ਭਾਰਤੀ ਰਾਜ ਨੂੰ ਗਲੋਬਲ ਮੰਚ ’ਤੇ ਸ਼ਰਮਿੰਦਗੀ ਝੱਲਣੀ ਪਈ ਹੈ।

ਸਿੱਖ ਸੰਸਥਾਵਾਂ ਦਾ ਸਪੱਸ਼ਟ ਕਹਿਣਾ ਹੈ ਕਿ ਯੂਕੇ ਸਰਕਾਰ ਭਾਰਤ ਨਾਲ ਲਾਹੇਵੰਦ ਵਪਾਰਿਕ ਸੌਦੇ ਲਈ ਆਪਣੇ ਹੀ ਨਾਗਰਿਕ ਦੀ ਆਵਾਜ਼ ਦਬਾ ਰਹੀ ਹੈ।

ਉਹ ਮੰਗ ਕਰਦੀਆਂ ਹਨ ਕਿ ਸਰਕਾਰ ਜਾਂ ਤਾਂ ਗੁਰਪ੍ਰੀਤ ਖ਼ਿਲਾਫ਼ ਲਗਾਏ ਇਲਜ਼ਾਮਾਂ ਦੇ ਸਬੂਤ ਅਦਾਲਤ ਵਿੱਚ ਪੇਸ਼ ਕਰੇ, ਜਾਂ ਇਹ ਮੰਨੇ ਕਿ ਇਹ ਕਦਮ ਸਿਰਫ਼ ਭਾਰਤ ਨੂੰ ਰਾਜਨੀਤਕ ਖ਼ੁਸ਼ ਕਰਨ ਲਈ ਚੁੱਕਿਆ ਗਿਆ ਹੈ।

# ਪਿੰਗਲਵਾੜਾ ਚੈਰੀਟੇਬਲ ਸੁਸਾਇਟੀ ਯੂ.ਕੇ. ਵੱਲੋਂ 20ਵਾਂ ਸਲਾਨਾ ਦਸਵੰਧ ਦਿਵਸ ਸਮਾਗਮ ਸਫਲਤਾਪੂਰਵਕ ਸਮਾਪਤ



**ਸਾਊਥਾਲ, 10 ਜਨਵਰੀ (ਸਰਬਜੀਤ ਸਿੰਘ ਬਨੂੜ)**-ਪਿੰਗਲਵਾ.ੜਾ ਚੈਰੀਟੇਬਲ ਸੁਸਾਇਟੀ ਯੂ.ਕੇ. ਦੇ ਸਹਿਯੋਗ ਨਾਲ 20ਵਾਂ ਸਲਾਨਾ ਦਸਵੰਧ ਦਿਵਸ ਸ਼ਰਧਾ, ਸੇਵਾ ਅਤੇ ਮਨੁੱਖਤਾ ਦੀ ਰੂਹ ਨਾਲ ਭਰਪੂਰ ਮਾਹੌਲ ਵਿੱਚ ਸਫਲਤਾਪੂਰਵਕ ਸੰਪੰਨ ਹੋਇਆ। ਇਹ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ350 ਸਾਲਾ ਸ਼ਹੀਦੀ ਸ਼ਤਾਬਦੀ ਤੋਂ ਇਲਾਵਾ ਭਾਈ ਦਿਆਲਾ ਜੀ, ਭਾਈ ਮਤੀ ਦਾਸ ਜੀ ਅਤੇ ਭਾਈ ਸਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੀ। ਸਮਾਗਮ ਦਾ ਆਯੋਜਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਅਤੇ ਸੇਵਾਦਾਰਾਂ ਦੇ ਸਰਗਰਮ ਯੋਗਦਾਨ ਨਾਲ ਕੀਤਾ ਗਿਆ। ਪਿੰਗਲਵਾ.ੜਾ ਚੈਰੀਟੇਬਲ ਸੁਸਾਇਟੀ ਯੂ.ਕੇ. ਦੇ ਸੇਵਾਦਾਰ ਸ. ਜੁਗਰਾਜ ਸਿੰਘ ਸ਼ਰਨ ਦੀ ਅਗਵਾਈ ਹੇਠ ਕੀਤੀ ਗਈ 20 ਸਾਲ ਸਮਰਪਿਤ ਸੇਵਾ ਨੇ ਸਮਾਗਮ ਨੂੰ ਵਿਸ਼ੇਸ਼ ਰੂਪ ਨਾਲ ਸੁਚਾਰੂ ਅਤੇ ਪ੍ਰਭਾਵਸ਼ਾਲੀ ਬਣਾਇਆ। ਸਮਾਗਮ ਦੌਰਾਨ ਸੰਗਤਾਂ ਵੱਲੋਂ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ ਗਈ, ਜਿਸ ਨਾਲ ਪਿੰਗਲਵਾ.ੜਾ ਦੇ ਮਿਸ਼ਨ ਪ੍ਰਤੀ ਭਰੋਸੇ ਅਤੇ ਸਹਿਯੋਗ ਨੂੰ ਸਪਸ਼ਟ ਰੂਪ ਨਾਲ ਮਹਿਸੂਸ ਕੀਤਾ ਗਿਆ। ਗੁਰਦੁਆਰਾ ਸਭਾ ਦੇ ਮੀਤ ਪ੍ਰਧਾਨ ਸ. ਹਰਜੀਤ ਸਿੰਘ ਸਰਪੰਚ ਅਤੇ ਸਟੇਜ ਸਕੱਤਰ ਸ. ਮਨਜੀਤ ਸਿੰਘ ਨੇ ਸ. ਜੁਗਰਾਜ ਸਿੰਘ ਸ਼ਰਨ ਅਤੇ ਸਾਰੇ ਸੇਵਾਦਾਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਿੰਗਲਵਾੜਾ ਦੀ ਨਿਸ਼ਕਾਮ ਸੇਵਾ ਅਤੇ ਮਨੁੱਖਤਾ-ਭਰੀ ਮਿਸ਼ਨਰੀ ਕਾਰਜਾਂ ਲਈ ਸੰਗਤ ਵੱਲੋਂ ਦਿੱਤਾ ਦਸਵੰਧ ਇਕ ਮਹਾਨ ਯੋਗਦਾਨ ਹੈ। ਸ. ਜੁਗਰਾਜ ਸਿੰਘ ਸ਼ਰਨ ਨੇ ਸੰਗਤਾਂ ਦੇ ਸਹਿਯੋਗ ਲਈ ਤਹਿ-ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਪਿੰਗਲਵਾ.ੜਾ ਦੀਆਂ ਨਿਸ਼ਕਾਮ ਸੇਵਾ-ਪਰੰਪਰਾਵਾਂ ਨੂੰ ਵਿਦੇਸ਼ਾਂ ਵਿੱਚ ਵੀ ਉਨ੍ਹਾਂ ਦੀ ਅਸਲ ਰੂਹ ਨਾਲ ਅੱਗੇ ਵਧਾਉਣਾ ਸੰਗਤਾਂ ਦੇ ਭਰੋਸੇ ਅਤੇ ਪਿਆਰ ਨਾਲ ਹੀ ਸੰਭਵ ਹੋਇਆ ਹੈ। ਇਸ ਮੌਕੇ ਸਭਾ ਪਰੰਬਧਕ ਕਮੇਟੀ ਵੱਲੋ 20 ਸਾਲ ਨਿਸਕਾਮ ਸੇਵਾ ਲਈ ਜੁਗਰਾਜ ਸਿੰਘ ਸਰਨ ਨੂੰ ਸਿਰੋਪਾ ਭੇਟ ਕੀਤਾ ਗਿਆ।

# ਮਨਰੇਗਾ ਮਜ਼ਦੂਰਾਂ ਨੇ ਬਲਾਕ ਅਫਸਰ ਰਾਹੀਂ ਕੇਂਦਰ ਸਰਕਾਰ ਕੋਲ ਭੇਜਿਆ ਮੰਗ ਪੱਤਰ



**ਤਲਵੰਡੀ ਸਾਬੋ, 9 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਤਲਵੰਡੀ ਸਾਬੋ ਬਲਾਕ ਅਫਸਰ ਰਾਹੀਂ ਮਨਰੇਗਾ ਮਜ਼ਦੂਰਾਂ ਨੇ ਮੰਗ ਪੱਤਰ ਭੇਜਕੇ ਮਨਰੇਗਾ ਦੇ ਰੁਕੇ ਹੋਏ ਕੰਮ ਨੂੰ ਚਲਾਉਣ ਦੀ ਮੰਗ ਕੀਤੀ ਹੈ ਇਹ ਜਾਣਕਾਰੀ ਬਠਿੰਡਾ ਜਿਲਾ ਦੇ ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜਿਲਾ ਪ੍ਰਧਾਨ ਅਮੀ ਲਾਲ ਬਲਾਹੜ ਮਹਿਮਾ ਨੇ ਦਿੱਤੀ। ਉਨਾਂ ਕਿਹਾ ਕਿ ਮਜ਼ਦੂਰਾਂ ਨੇ ਸਾਂਝੇ ਤੌਰ ’ਤੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਮਨਰੇਗਾ ਦੇ ਰੁਕੇ ਕੰਮਾਂ ਨੂੰ ਚਾਲੂ ਕੀਤਾ ਜਾਵੇ ਨਹੀਂ ਤਾਂ ਇੱਕ ਵੱਡਾ ਅੰਦੋਲਨ ਚਲਾਇਆ ਜਾਵੇਗਾ। ਉਨਾਂ ਹੋਰ ਵੀ ਦੱਸਿਆ ਕਿ ਮਨਰੇਗਾ ਦਾ ਕੰਮ ਸਰਕਾਰਾਂ ਵੱਲੋਂ ਇੱਕ ਗਿਣੀ ਮਿਥੀ ਸਾਜਿਸ਼ ਤਹਿਤ ਬੰਦ ਕਰ ਦਿੱਤਾ ਗਿਆ ਹੈ। ਅੱਜ ਅਸੀਂ ਇੱਕ ਮੰਗ ਰਾਹੀਂ ਸਰਕਾਰ ਨੂੰ ਚੇਤਾਵਨੀ ਦੇਣਾ ਚਾਹੁੰਦੇ ਹਾਂ ਕਿ ਮਨਰੇਗਾ ਦੇ ਬੰਦ ਪਏ ਕੰਮਾਂ ਨੂੰ ਜਲਦ ਤੋਂ ਜਲਦ ਮੁੜ ਚਾਲੂ ਕੀਤਾ ਜਾਵੇ ਨਹੀਂ ਤਾਂ ਮਜ਼ਦੂਰ ਜਮਾਤ ਨੂੰ ਲਾਮਬੰਦ ਕਰਕੇ ਇੱਕ ਵੱਡਾ ਅੰਦੋਲਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੰਗ ਪੱਤਰ ਵਿੱਚ ਬਿਜਲੀ ਐਕਟ ਵਿੱਚ ਸੋਧ ਨੂੰ ਵਾਪਸ ਲੈਣ ਦੀ ਮੰਗ ਮਜ਼ਦੂਰਾਂ ਦੀ ਦਿਹਾੜੀ 1000 ਰੁਪਏ ਕਰਨ ਅਤੇ ਔਰਤਾਂ ਲਈ ਇੱਕ ਹਜਾਰ ਸਕੀਮ, ਰੁਕੀ ਹੋਈ ਸ਼ਗਨ ਸਕੀਮ ਤੁਰੰਤ ਜਾਰੀ ਕਰਨ ਦੀਆਂ ਆਦਿ ਮੰਗਾਂ ਸ਼ਾਮਿਲ ਹਨ। ਇਸ ਦੌਰਾਨ ਪਿੰਡ ਨੰਗਲਾ ਦੇ ਮਨਰੇਗਾ ਮਜ਼ਦੂਰ ਵੱਡੀ ਗਿਣਤੀ ਵਿੱਚ ਸ਼ਾਮਿਲ ਸਨ। ਇਸ ਤੋਂ ਇਲਾਵਾ ਮਾਨਸਾ ਜਿਲੇ ਦੇ ਪ੍ਰਧਾਨ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਸੂਬਾ ਕਮੇਟੀ ਮੈਂਬਰ ਬਲਵਿੰਦਰ ਘਰਾਂਗਣਾ, ਬਾਬੂ ਰਾਮ ਤਲਵੰਡੀ ਸਾਬੋ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

# ਮੇਰੀ ਮਿੱਟੀ ਦੇ ਜੰਮਪਲ ਲੋਕ









ਪੰਜਾਬ ਮੇਰੀ ਜਨਮ ਭੂਮੀ ਹੈ , ਜਿੱਥੇ ਅਸੀਂ ਜੰਮੇ , ਪੱਲੇ ਤੇ ਜੁਆਨ ਹੋਏ । ਸਾਡੇ ਮਾਪਿਆਂ ਦੇ ਪਾਲਣ , ਪੋਸ਼ਣ ਤੋਂ ਇਲਾਵਾ, ਇੱਥੇ ਹੀ ਅਸੀਂ ਮੁਢਲੀ ਵਿਦਿਆ ਪ੍ਰਾਪਤ ਕੀਤੀ । ਸਾਨੂੰ ਮਾਪਿਆਂ ਵਰਗੇ ਐਸੇ ਹੀ ਅਧਿਆਪਕ ਮਿਲੇ , ਜਿੰਨਾ ਪੜਾਈ ਲਿਖਾਈ ਦੀ ਵਿੱਦਿਆ ਦੇ ਨਾਲ ਨਾਲ ਚੰਗੀ ਸਮਾਜਿਕ ਜੀਵਨ ਜਾਚ ਦੇ ਗੁਣ ਦਿੱਤੇ ।ਇਹੀ ਜੀਵਨ ਜਾਂਚ ਦੇ ਮੁਢਲੇ ਢੰਗ ਦੇਸ਼ ਬਦੇਸ਼ ਵਿਚ ਹਰ ਪਲ ਵਿਚ ਅੱਜ ਤੱਕ ਦੇ ਰਸਤੇ ਦੀ ਨਿੱਘੀ ਸੋਚ ਦਾ ਹਿੱਸਾ ਬਣੇ ਰਹੇ ਹਨ । ਅੱਜ ਜਦੋਂ ਵੀ ਪੰਜਾਬ ਆਈਦਾ ਹੈ , ਅਜਿਹੇ ਹੀ ਖਿਆਲਾਂ ਦੀ ਵਿਚਾਰ , ਸਮਾਜਕ ਤੰਦਾਂ ਦੀ ਜੋੜ ਦਾ ਸਹੀ ਸਾਧਨ ਬਣਦੀ ਹੈ। ਪੰਜਾਬ ਦੀ ਮਿੱਟੀ ਭਾਂਵੇ

ਆਵਾਜ਼ਿ ਕੌਮ AWAZE QAUM International Newspaper & WEB TV

ਹਮੇਸ਼ਾਂ ਹੀ ਘਟਨਾਵਾਂ ਦਾ ਦਰ ਰਿਹਾ ਹੈ । ਪਰ ਮੌਜੂਦਾ ਸਮੇਂ ਦੇ ਦੌਰ ਨੂੰ ਨੇੜਿਓਂ ਦੇਖਣਾ , ਸਾਡੀ ਆਪਣੀ ਹੀ ਹੋਂਦ ਦੀ ਸਹੀ ਪਹਿਚਾਣ ਕਰਨਾ ਹੈ ।ਕਿਉਂਕਿ ਅਸੀਂ ਇਸੇ ਹੀ ਯੁੱਗ , ਜ਼ਮਾਨੇ ਦੇ ਜੰਮਪਲ ਹਾਂ ।ਅੱਜ ਦੇ ਤਾਜ਼ੇ ਦੌਰ ਦੀਆਂ ਘਟਨਾਵਾਂ ਨੇ ਲੋਕਾਂਦੀ ਜ਼ਿੰਦਗੀ ਨੂੰ ਸਿਰਫ ਤਰਸਯੋਗ ਹੀ ਨਹੀਂ ਬਣਾਇਆ, ਸਗੋਂ ਜਿੰਦਗੀ ਦੀ ਸ਼ੁਰੂਆਤ ਦੇ ਵਸੀਲਿਆਂ ਤੋਂ ਵੀ ਵਾਂਝੇ ਕੀਤਾ ਹੈ ।ਮੇਰੀ ਮਿੱਟੀ ਦੇ ਇਹਨਾਂ ਲੋਕਾਂ ਨੂੰ ਕੀ ਕੀ ਉਹੀ ਵਿੱਦਿਆ ਤੇ ਰਹਿਣ ਸਹਿਣ ਦੇ ਸਾਧਨ ਪ੍ਰਾਪਤ ਹਨ ? ਜੋ ਕਿਧਰੇ ਸਾਨੂੰ ਮਿਲਦੇ ਰਹੇ ਹਨ । ਜੁਆਬ ਨਾਂਹ ਵਿੱਚ ਹੀ ਮਿਲੇਗਾ । ਇਸੇ ਆਧਾਰ ਕੁਝ ਸਾਲ ਪਹਿਲਾਂ , ਭਾਵ 2017 ਵਿੱਚ ਤੇ ਉਪਰੰਤ , ਮੈਂ ਆਪਣੇ ਸਰਕਾਰੀ ਸਕੂਲ ਦੀ ਵਿਥਿਆ , ਪਿਛਲੇ ਲੇਖ ਵਿੱਚ ਸੰਖੇਪ ਤੌਰ ਤੇ ਲਿਖੀ ਸੀ । ਜੋ ਅੱਜ ਪੁਰਾਣੀ ਬਿਲਡਿੰਗ ਨੂੰ ਨਵਾਂਰੂਪ ਦੇ ਕੇ , ਸਹੀ ਹੀ ਮਾਡਲ ਸਕੂਲ ਦਾ ਰੂਪ ਹੈ । ਇਹ ਸਾਰਾ ਸਾਡੇ ਹੀ ਪਿੰਡ ਦੇ ਜ਼ੁੰਮੇਵਾਰ ਸੱਜਣਾਂ ਦੀ ਮਿਹਨਤ ਸਦਕਾ ਹੈ । ਸਾਨੂੰ ਮਾਣ ਹੈ ਕਿ ਪਿੰਡ ਦੇ ਆਮ ਪਰਿਵਾਰਾਂ ਦੇ ਬੱਚੇ , ਇੱਥੇ ਪੜਦੇ ਹਨ , ਸਹੂਲਤਾਂ ਪੂਰੀਆਂ ਹਨ । ਬਦੇਸ਼ ਬੈਠੇ ਕਈ ਲੋਕ ਸ਼ਾਇਦ ਇਰ ਸਮਝਦੇ ਹੋਣਗੇ ਕਿ ,ਬਾਹਰਲੇ ਪੈਸੇਆਂ ਦੀ ਮਦਦ ਕਰਕੇ ਹੈ । ਨਹੀਂ ਇਹ ਕੋਈ ਖਾਸ ਕਾਰਨ ਨਹੀਂ ਹੈ , ਪਰ ਦਿਲੋਂ ਚਾਹਤ , ਪੰਜਾਬ ਦੀ ਮਿੱਟੀ ਨਾਲ ਪਿਆਰ ਕਰਨ ਵਾਲਿਆਂ ਦੀ ਹੀ ਤਮੰਨਾ ਹੈ , ਜਿੰਨਾਂ ਵਿੱਚੋਂ ਮੇਰਾ "ਬੁਤਾਲਾ" (ਜ਼ਿਲਾ -ਅੰਮ੍ਰਿਤਸਰ) ਪਿੰਡ ਹੈ ਜੋ ਅਜਿਹੀ ਸੁਹਿਰਦ ਸੋਚ ਰੱਖਦਾ ਹੈ । ਬਹੁਤੇ ਮੇਰੇ ਦੋਸਤ ਜਾਣਦੇ ਹਨ ਮੈਂ, ਬਹੁਤ ਘੱਟ ਪੰਜਾਬ ਆਇਆ ਹਾਂ , ਕਈ ਵਰਿਆਂ ਤੋਂ , ਮੇਰੀ ਪਤਨੀ ਜੋ ਕਿ ਲਗਾਤਾਰ ਆਉਂਦੀ ਸੀ ਤੇ ਹਮੇਸ਼ਾ ਇਸ ਉਪਰੋਕਤ ਹਾਲਾਤ ਵਿੱਚ ਹਿੱਸੇਦਾਰ ਬਣਦੀ ਰਹੀ ਸੀ , ਕਿ ਪੜਾਈ ਦੇ ਸਾਧਨਾ ਵਿੱਚ , ਬੱਚਿਆਂ ਨੂੰ ਸਹੂਲਤਾਂ ਮਿਲਦੀਆਂ ਰਹਿਣ । ਜੇ ਇਸਤਰਾਂ ਕਹਿ ਲਈਏ ਕਿ ਉਸ ਦਾ ਜ਼ਿਆਦਾ ਉੱਦਮ ਸੀ । ਇਸੇ ਤਰਾਂ ਸਾਡੇ ਪਿੰਡ ਵਿੱਚ ਇੱਕ "ਹਾਕੀ ਕਲੱਬ " ਚਲਾਈ ਜਾ ਰਹੀ ਹੈ । ਇਸ ਦਾ ਨਾਮ" ਬਾਬਾ ਪੱਲਾ ਸਪੋਰਟਸ ਹਾਕੀ ਕਲੱਬ " ਹੈ । ਬਾਬਾ ਪੱਲਾ ਜੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵਰਸੋਏ , ਅਨਿੰਨ ਭਗਤ ਸਿੱਖ ਸਨ । ਨਗਰ ਵਿੱਚ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਪਾਵਨ ਸ਼ੋਹ ਦਾ , ਇਤਿਹਾਸਕ ਗੁਰੂ ਅਸਥਾਨ ਹੈ । ਉਪਰੋਕਤ ਦੱਸੀ ਹਾਕੀ ਕਲੱਬ ਵਿਚ 8/9 ਸਾਲ ਤੋਂ 17/18 ਸਾਲ ਤੱਕ ਬੱਚਿਆਂ ਨੂੰ , ਤਿੰਨ ਟੀਮਾਂ ਦੇ ਗਰੁਪਾਂ ਵਿੱਚ ਖਿਡਾਇਆ ਜਾਂਦਾ ਹੈ ।ਇਹ ਛੋਟੀ ਉਮਰ ਤੋਂ ਨੌਜਵਾਨ ਉਮਰ ਤੱਕ ਖੇਡਦੇ ਹੋਏ ਹੀ ਪਲੱਸ ਟੂ (ਬਾਰਾਂ ਜਮਾਤਾਂ ) ਪੜ ਜਾਂਦੇ ਹਨ ਅਤੇ ਸਿਰਕੱਢ ਖਿਡਾਰੀ ਵੀ ਬਣ ਜਾਂਦੇ ਹਨ । ਇਹ ਨਿਰਸੰਦੇਹ



ਕਿਸੇ ਵੀ ਨਸ਼ੇ ਤੋਂ ਬਚਾ ਕਰਦੇ ਹੋਏ , ਆਪਣੀ ਚੰਗੀ ਨੌਜਵਾਨੀ ਵਿੱਚ ਪੈਰ ਧਰਦੇ ਹਨ ।ਇਹੀ ਸ਼ੁਰੂਆਤ ਪੜਾਈ ਤੇ ਚੰਗੇ ਖਿਡਾਰੀ ਵਜੋਂ , ਆਪਣੀ ਜ਼ਿੰਦਗੀ ਦਾ ਪੰਧ , ਸੁਹਣੇ ਤੇ ਭਰਵੇਂ ਕਦਮਾਂ ਨਾਲ ਸ਼ੁਰੂ ਕਰਦੇ ਹਨ । ਪੰਜਾਬ ਦੀ ਮਿੱਟੀ ਦੇ ਜੰਮਪਲ ਇਹ ਨੌਜਵਾਨ ਹੀ ਸਾਡੇ ਸਮਾਜ ਦੇ ਭਵਿੱਖ ਦਾ ਉਜਾਲਾ ਹਨ । ਇਹਨਾਂ ਦੇ ਮਾਪੇ ਸ਼ੁਰੂ ਤੋਂ ਹੀ ਬੜੀ ਲਗਨ ਨਾਲ ਇਹਨਾਂ ਨੂੰ ਕਲੱਬ ਨਾਲ ਜੋੜੀ ਰੱਖਦੇ ਹਨ । ਇਸ ਕਲੱਬ ਦੀ ਪੂਰੀ ਸਪੋਰਟ, ਮਾਇਕ ਸਹਾਇਤਾ ਨੂੰ ਬਾਹਰਲੇ ਮੁਲਕਾਂ ਵਿਚ ਬੈਠੇ ਐਨ ਆਰ ਆਈ , ਪੂਰੀ ਗਹੁ ਤੇ ਤਨਦੇਹੀ ਨਾਲ ਨਿਭਾਉਂਦੇ ਹਨ । ਸਾਰਾ ਨਗਰ ਤੇ ਨੌਜਵਾਨ ਕਲੱਬ ਨੂੰ ਬੜੀ ਬਾਖੂਬੀ ਨਾਲ ਚਲਾਉਂਦੇ ਹਨ । ਹਰ ਸਾਲ ਨਵੰਬਰ ਦੇ ਸ਼ੁਰੂ ਵਿਚ ਇਹਨਾਂ ਹਾਕੀ ਖਿਡਾਰੀਆਂ ਦੀਆਂ ਟੀਮਾਂ ਲਈ ਟੂਰਨਾਮੈਂਟ ਕਰਵਾਇਆ ਜਾਦਾਂ ਹੈ । ਇਲਾਕੇ ਦੀਆਂ ਟੀਮਾਂ ਹਿੱਸਾ ਲੈਂਦੀਆਂ ਹਨ । ਗੋਲ਼ਡ ਕੱਪ ਵਗੈਰਾ ਇਤਿਆਦਿਕ ਇਨਾਮ ਖਿਡਾਰੀਆਂ ਨੂੰ ਦਿੱਤੇ ਜਾਂਦੇ ਹਨ । ਗਰਾਊਂਡ ਦਾ ਵਾਤਾਵਰਨ ਤੇ ਹਰਾ ਘਾਹ ਆਪਣੇ ਆਪ ਵਿੱਚ ਇੱਕ ਗਰਾਉਂਡ ਦੀ ਵਿਲੱਖਣਤਾ ਹੈ । ਮੈਂ ਇਸ ਸਾਲ ਤਿੰਨੇ ਦਿਨ ਇਹਨਾਂ ਖੇਡਾਂ ਨੂੰ ਦੇਖਿਆ ਤੇ ਬੜੀ ਖੁਸ਼ੀ ਮਹਿਸੂਸ ਕੀਤੀ । ਮੈਂ ਹਾਕੀ ਤਾਂ ਸਾਰੀ ਉਮਰ ਖੇਡੀ ਹੈ , ਪਰ ਜੋ ਖੇਡ ਦਸ ਦਸ ਸਾਲ ਦੇ ਬੱਚਿਆਂ ਨੂੰ ਖੇਡਦਿਆਂ ਦੇਖਿਆ , ਉਹ ਮੇਰੇ ਲਈ ਕਿਸੇ ਕ੍ਰਿਸ਼ਮੇ ਨਾਲੋਂ ਘੱਟ ਨਹੀ ਸੀ । ਮਨ ਬਹੁਤ ਖੁਸ਼ ਹੋਇਆ । ਪੰਜਾਬ ਦੀ ਮਿੱਟੀ ਨੂੰ ਆਪਣੇ ਜੰਮਿਆਂ ਤੇ ਹਮੇਸ਼ਾ ਬਹੁਤ ਮਾਣ ਰਿਹਾ ਹੈ । ਇੱਥੇ ਖੁਸ਼ੀਆਂ ਤੇ ਸੱਧਰਾਂ ਦੇ ਦੀਵੇ ਜਗਾਉਣ ਵਾਲਿਆ ਨੇ ਹਮੇਂਸ਼ਾ ਸਭਿਆਚਾਰ , ਦਰਦ ਤੇ ਸਾਂਝਾਂ ਦੀ ਦੀਪਮਾਲਾ ਕੀਤੀ ਹੈ । ਸਮੇਂ ਸਮੇਂ ਤੇ ਜਦ ਲੋੜ ਪਈ ਤਦ ਮਿੱਟੀ ਦੇ ਰਖਵਾਲੇ ਬਣ ਕੇ ਤੇਲ ਥਾਂ ਆਪਣੀ ਚਰਬੀ ਵੀ ਢਾਲ ਕੇ ਪਾ ਦਿੱਤੀ , ਤਾਂ ਜੋ ਕੁਰਬਾਨੀ ਦੀ ਜੋਤ ਵੀ ਜਗਦੀ ਰਹੇ । ਅੱਜ ਇਹੀ ਧਰਤੀ ਸਾਥੋਂ ਅਜਿਹਾ ਹੀ ਕੁਝ ਮੰਗਦੀ ਹੈ , ਕਿ ਅਸੀਂ ਇਸ ਦੀ ਉਹੀ ਉਮੰਗ ਪੂਰੀ ਕਰੀਏ । ਜੋ ਇੰਥੇ ਦੀ ਨੌਜਵਾਨ ਪੀੜ੍ਹੀ ਹੈ । ਉਸ ਦੀਆਂ ਲੋੜਾਂ ਤੇ ਸੱਧਰਾਂ ਦਾ ਖ਼ਿਆਲ ਕਰੀਏ । ਨਸ਼ਿਆਂ ਵਿੱਚ ਡੁੱਬਿਆ ਪੰਜਾਬ, ਸਿਰਫ ਗੱਲਾਂ ਦੇ ਹਾਸ਼ੀਏ ਦੇ ਸਿਰਲੇਖਾਂ ਨਾਲ ਨਹੀਂ ਬਚੇਗਾ । ਇਸ ਲਈ ਇਸ ਦੇ ਭਵਿੱਖ ਲਈ , ਸੁਹਿਰਦ ਸੋਚ ਪੈਦਾ ਕਰਨੀ ਪਵੇਗੀ । ਜਿਹਾ ਕਿ ਮੈਂ ਇਸ ਲੇਖ ਵਿਚ , ਵਿੱਦਿਆ , ਸਭਿਆਚਾਰ ਤੇ ਖੇਡਾਂ ਬਾਰੇ ਲਿਖਿਆ ਹੈ ।ਆਓ ਆਪਣੀ ਮਿੱਟੀ ਦੇ ਜੰਮਪਲ ਲੋਕਾਂ ਨਾਲ ਇਕ ਅਜਿਹੀ ਹੀ ਸੁਹਿਰਦਤਾ ਦੀ ਸਾਂਝ ਪਾਈਏ । ਅਜਿਹਾ ਹੀ ਕਰਨ ਨਾਲ ਸਾਡੀ ਜ਼ਿੰਦਗੀ ਦੇ ਦੋ ਪਲ ਕਿਸੇ ਚੰਗੇ ਲੇਖੇ ਵਿਚ ਲਗ ਸਕਣਗੇ। ਵਾਹਿਗੁਰੂ ਸਾਨੂੰ ਹਿੰਮਤ ਤੇ ਹੌਂਸਲਾ ਬਖਸ਼ੇ ।



**ਪਰਮਿੰਦਰ ਸਿੰਘ ਬੱਲ**
ਪ੍ਰਧਾਨ ਸਿੱਖ ਫੈਡਰੇਸ਼ਨ ਯੂ .ਕੇ.
Email:psbal46@gmail.com

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

## ਸੂਹੀ ਮਹਲਾ ੫ (ਅੰਗ ੭੪੯)

# ਅਰਥ, ਫਿਲਾਸਫੀ ਅਤੇ ਆਧੁਨਿਕ ਸੰਦਰਭ

ਨੋਟ : ਇਹ ਪਾਵਨ ਸ਼ਬਦ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਗ ੭੪੯ 'ਤੇ "ਸੂਹੀ ਮਹਲਾ ੫" ਹੇਠ ਦਰਜ ਹੈ) ਦੇ ਅਰਥ ਇੱਥੇ ਸਾਫ਼, ਅਰਥਪੂਰਨ, ਫ਼ਿਲਾਸਫ਼ੀਕਲ ਅਤੇ ਆਧੁਨਿਕ ਜੀਵਨ ਨਾਲ ਜੋੜਕੇ ਦਰਸਾਏ ਗਏ ਹਨ -ਇਸ ਤਰੀਕੇ ਨਾਲ ਕਿ ਹਰ ਗੱਲ ਆਸਾਨੀ ਨਾਲ ਸਮਝ ਆ ਜਾਵੇ, ਮਨ ਵਿੱਚ ਉਤਰ ਜਾਵੇ ਅਤੇ ਰੂਹ ਨੂੰ ਛੂਹ ਜਾਵੇ। ਮਨੁੱਖ ਹੋਣ ਕਰਕੇ ਗ਼ਲਤੀ ਹੋ ਜਾਣਾ ਸੁਭਾਵਿਕ ਹੈ; ਮੈਂ ਵੀ ਇਸੇ ਮਰਿਆਦਾ ਵਿੱਚ ਹਾਂ। ਇਸ ਲਈ ਮੈਂ ਪੂਰਨਤਾ ਦਾ ਦਾਅਵਾ ਨਹੀਂ ਕਰਦਾ, ਪਰ ਮੇਰੀ ਸਾਰੀ ਕੋਸ਼ਿਸ਼ ਇਹ ਰਹੀ ਹੈ ਕਿ ਬਾਣੀ ਦਾ ਨਿਰਾ ਭਾਵ (ਗੱਲ ਦਾ ਸਿਧਾ ਮਤਲਬ), ਸੱਚੇ ਮਨ ਅਤੇ ਪੂਰੇ ਸਤਿਕਾਰ ਨਾਲ ਤੁਹਾਡੇ ਸਾਹਮਣੇ ਰੱਖਾਂ -ਤਾਂ ਜੋ ਇਸ ਦੀ ਰੌਸ਼ਨੀ ਸਾਡੇ ਜੀਵਨ ਨੂੰ ਹੋਰ ਸੁੰਦਰ ਅਤੇ ਅਰਥਭਰਿਆ ਬਣਾ ਸਕੇ।

ਸੂਹੀ ਮਹਲਾ ੫ (ਅੰਗ ੭੪੯)

(ਅਰਥ, ਫਿਲਾਸਫੀ ਅਤੇ ਆਧੁਨਿਕ ਸੰਦਰਭ)

ਜਬ ਕਛੁ ਨ ਸੀਓ ਤਬ ਕਿਆ ਕਰਤਾ ਕਵਨ ਕਰਮ ਕਰਿ ਆਇਆ॥

ਅਰਥ: ਜਦੋਂ ਸਾਡੇ ਕੋਲ ਕੁਝ ਵੀ ਨਹੀਂ ਸੀ - ਨਾ ਸਰੀਰ, ਨਾ ਨਾਮ, ਨਾ ਮਨ - ਤਾਂ ਅਸੀਂ ਕੀ ਕਰ ਸਕਦੇ ਸੀ? ਅਸੀਂ ਕੋਈ ਕਰਮ

ਆਵਾਜ਼ਿ ਕੌਮ AWAZE QAUM International Newspaper & WEB TV

ਨਹੀਂ ਕੀਤਾ ਸੀ, ਜਿਸ ਨਾਲ ਅਸੀਂ ਜਨਮ ਲਿਆ। ਇਸ ਸਭ ਤੋਂ ਪਹਿਲਾਂ ਵੀ ਕੁਝ "ਹੋਰ" ਸੀ -ਜੋ ਸਾਨੂੰ ਬਣਾਉਣ ਵਾਲਾ ਹੈ।

ਫਿਲਾਸਫੀ ਵਿਚਾਰ: ਇਹ ਬਾਣੀ ਮਨੁੱਖ ਦੀ ਪੂਰੀ ਅਸਹਾਇਤਾ ਅਤੇ ਪੂਰੀ ਨਿਰਭਰਤਾ ਨੂੰ ਦਰਸਾਉਂਦੀ ਹੈ। ਸਾਨੂੰ ਲੱਗਦਾ ਹੈ ਕਿ ਅਸੀਂ ਆਪਣੇ ਯਤਨਾਂ ਨਾਲ ਸਭ ਕਰ ਲੈਂਦੇ ਹਾਂ, ਪਰ ਬਾਣੀ ਯਾਦ ਦਿਵਾਉਂਦੀ ਹੈ ਕਿ ਸ਼ੁਰੂ ਤੋਂ ਹੀ ਸਾਰੀ ਖੇਡ ਰਚਨਹਾਰ ਦੀ ਹੈ।

ਆਧੁਨਿਕ ਉਦਾਹਰਨ: ਜਿਵੇਂ ਕੰਪਿਊਟਰ ਵਿੱਚ ਕੋਈ ਐਪ ਆਪਣਾ ਜਨਮ ਜਾਂ ਡਿਜ਼ਾਈਨ ਖੁਦ ਨਹੀਂ ਕਰ ਸਕਦੀ -ਉਹ ਕਿਸੇ ਪ੍ਰੋਗ੍ਰਾਮਰ ਦੀ ਬਣਾਈ ਹੈ। ਉਸੇ ਤਰ੍ਹਾਂ ਮਨੁੱਖ ਆਪਣਾ "ਅਰੰਭ" ਖੁਦ ਨਹੀਂ ਕਰਦਾ।

ਅਪਨਾ ਖੇਲੁ ਆਪਿ ਕਰਿ ਦੇਖੈ ਠਾਕੁਰਿ ਰਚਨੁ ਰਚਾਇਆ ॥1॥

ਅਰਥ: ਰੱਬ ਨੇ ਆਪਣੀ ਖੇਡ (ਸ੍ਰਿਸ਼ਟੀ) ਆਪ ਹੀ ਰਚੀ ਅਤੇ ਆਪ ਹੀ ਇਸਨੂੰ ਚਲਾ ਕੇ ਦੇਖ ਰਿਹਾ ਹੈ।

ਫਿਲਾਸਫੀਕਲ ਸੰਦਰਭ: ਇਹ ਲਾਈਨ ਡਿਵਾਈਨ ਪਲੇ (Leela) ਨੂੰ ਦਰਸਾਉਂਦੀ ਹੈ। ਸਾਰੀ ਸ੍ਰਿਸ਼ਟੀ ਇੱਕ ਵੱਡੀ ਰੱਬੀ-ਖੇਡ ਹੈ। (ਇਸ ਵਾਕ ਦਾ ਮਤਲਬ ਹਿੰਦੂ ਦਰਸ਼ਨ ਦੇ ਇੱਕ ਗਹਿਰੇ ਖ਼ਿਆਲ ਨਾਲ ਜੁੜਿਆ ਹੈ, ਜਿਸਨੂੰ ਲੀਲਾ (Lila) ਕਹਿੰਦੇ ਹਨ।)

ਸਾਨੂੰ ਸਮਝ ਨਹੀਂ ਆਉਂਦੀ, ਕਿਉਂਕਿ ਖਿਡਾਰੀ ਵੀ ਉਹ ਆਪ ਹੈ, ਤੇ ਡਾਇਰੈਕਟਰ ਵੀ ਉਹ ਆਪ ਹੈ।

ਇਸ ਨੂੰ ਇਕ ਸਧਾਰਣ ਜਿਹੀ ਉਦਾਹਰਨ ਨਾਲ ਇੰਝ ਸਮਝ ਸਕਦੇ ਹਾਂ :

ਜਿਵੇਂ ਬੱਚਾ ਰੇਤ ਨਾਲ ਕਿਲ੍ਹੇ ਬਣਾ ਕੇ ਫਿਰ ਉਨ੍ਹਾਂ ਨੂੰ ਤੋੜ ਦਿੰਦਾ ਹੈ -ਨਾ ਕੋਈ ਲਾਭ, ਨਾ ਕੋਈ ਨੁਕਸਾਨ ਸਿਰਫ਼ ਮਜ਼ਾ ਤੇ ਰਚਨਾਤਮਕਤਾ।

ਇਸੇ ਤਰ੍ਹਾਂ, ਸ੍ਰਿਸ਼ਟੀ ਦੀ ਰਚਨਾ ਵੀ ਇੱਕ ਖੇਡ-ਜਿਹੀ ਆਜ਼ਾਦੀ ਹੈ।




ਆਧੁਨਿਕ ਉਦਾਹਰਨ: ਇੱਕ ਵੱਡੀ ਸਿਮੂਲੇਸ਼ਨ ਗੇਮ ਦੇਖੋ (ਜਿਵੇਂ SimCity).

ਜਿਸਨੇ ਖੇਡ ਬਣਾਈ - ਉਹੀ ਇਸਦਾ ਚਾਲਕ ਵੀ ਹੈ।

ਮੇਰੇ ਰਾਮ ਰਾਇ ਮੁਝ ਤੇ ਕਛੂ ਨ ਹੋਈ।। ਆਪੇ ਕਰਤਾ ਆਪਿ ਕਰਾਏ ਸਰਬ ਨਿਰੰਤਰਿ ਸੋਈ॥੧॥ ਰਹਾਉ॥

ਅਰਥ: ਹੇ ਪ੍ਰਭੂ! ਮੈਂ ਆਪਣੇ ਆਪ ਕੁਝ ਨਹੀਂ ਕਰ ਸਕਦਾ। ਜੋ ਕੁਝ ਵੀ ਹੋ ਰਿਹਾ ਹੈ -ਉਹ ਤੂੰ ਆਪ ਕਰਾ ਰਿਹਾ ਹੈਂ। ਤੂੰ ਹੀ ਹਰ ਥਾਂ ਵਿਆਪਕ ਹੈਂ।

ਫਿਲਾਸਫੀਕਲ ਸੱਚ: ਇਹ ਲਾਈਨ ਮਨੁੱਖ ਦੀ ਅਹੰਕਾਰ ਟੁੱਟਣ ਦੀ ਸਭ ਤੋਂ ਉੱਚੀ ਥਾਂ ਹੈ। ਜਦੋਂ ਇਨਸਾਨ ਸਮਝ ਲੈਂਦਾ ਹੈ ਕਿ ਮੇਰੀਆਂ ਸਫਲਤਾਵਾਂ, ਗਿਣਤੀਆਂ, ਯਤਨ -ਸਿਰਫ ਉਸ ਦੀ ਮਿਹਰ ਨਾਲ ਹੀ ਹਨ -ਤਾਂ ਮਨ ਹੰਕਾਰ, ਤਣਾਓ, ਡਰ ਤੋਂ ਮੁਕਤ ਹੋਣਾ ਸ਼ੁਰੂ ਹੋ ਜਾਂਦਾ ਹੈ।

ਆਧੁਨਿਕ ਉਦਾਹਰਨ: ਸਾਨੂੰ ਅਕਸਰ ਲੱਗਦਾ ਹੈ ਕਿ "ਮੈਂ" ਸਭ ਕੁਝ ਕਰਦਾ ਹਾਂ। ਪਰ ਜਦੋਂ ਸਰੀਰ ਦਾ ਇੱਕ ਸੈਲ ਵੀ ਆਪਣੀ ਮਰਜ਼ੀ ਨਾਲ ਕੰਮ ਨਾ ਕਰੇ - ਮਨੁੱਖ ਕੁਝ ਨਹੀਂ ਕਰ ਸਕਦਾ।

ਗਣਤੀ ਗਣੀ ਨ ਛੂਟੈ ਕਤਹੂ ਕਾਚੀ ਦੇਹ ਇਆਣੀ॥

ਅਰਥ: ਇਹ ਸਰੀਰ ਨਾਜ਼ੁਕ ਹੈ, ਸਮੇਂ ਦੀ ਗਿਣਤੀ ਤੋਂ ਕੋਈ ਨਹੀਂ ਬਚ ਸਕਦਾ।

ਮਨੁੱਖ ਕੱਚਾ, ਕਮਜ਼ੋਰ ਅਤੇ ਅਣਜਾਣ ਹੈ।

ਫਿਲਾਸਫੀ ਕਲਾਰਿਟੀ: ਸਰੀਰ ਦੀ ਨਾਸਵੰਤਾ ਅਤੇ ਮਨੁੱਖ ਦੀ ਸੀਮਿਤਤਾ ਯਾਦ ਕਰਾਉਂਦੀ ਹੈ ਕਿ ਜੀਵਨ ਨੂੰ ਅਹੰਕਾਰ ਨਾਲ ਨਹੀਂ, ਸੁਚੇਤਤਾ ਨਾਲ ਜੀਓ।

ਆਧੁਨਿਕ ਉਦਾਹਰਨ: ਅੱਜ ਦਾ ਤੰਦਰੁਸਤ ਇਨਸਾਨ ਵੀ ਇੱਕ ਹਾਦਸੇ, ਬਿਮਾਰੀ ਜਾਂ ਵੱਧਦੀ ਉਮਰ ਨਾਲ ਕਦੇ ਵੀ ਬਦਲ ਸਕਦਾ ਹੈ -

ਇਸ "ਕੱਚੇਪਣ" ਨੂੰ ਸਮਝ ਕੇ ਹੀ ਨਿਮਰਤਾ ਆਉਂਦੀ ਹੈ।

ਕ੍ਰਿਪਾ ਕਰਹੁ ਪ੍ਰਭ ਕਰਣੈਹਾਰੇ ਤੇਰੀ ਬਖਸ ਨਿਰਾਲੀ॥੨॥

ਅਰਥ: ਹੇ ਪ੍ਰਭੂ! ਕਿਰਪਾ ਕਰ, ਕਿਉਂਕਿ ਤੇਰੀ ਮਿਹਰ ਹੀ ਸਭ ਕੁਝ ਬਦਲ ਸਕਦੀ ਹੈ। ਤੇਰੀ ਬਖ਼ਸ਼ਸ਼ ਬੇਮਿਸਾਲ ਹੈ।

ਫਿਲਾਸਫੀ ਸੰਦੇਸ਼: ਮਨੁੱਖ ਦੀ ਹੱਦ ਹੈ, ਪ੍ਰਭੂ ਦੀ ਕਿਰਪਾ ਬੇਹੱਦ ਹੈ। ਉਸਦੀ ਬਖ਼ਿਸ਼ਸ਼ ਨਿਰਾਲੀ ਹੈ, ਕਿਉਂਕਿ ਉਹ ਪੂਰੀ ਤਰ੍ਹਾਂ ਪਿਆਰ ਤੇ ਰਹਿਮ 'ਤੇ ਆਧਾਰਿਤ ਹੈ। ਅਰਦਾਸ, ਨਿਮਰਤਾ ਤੇ ਸਮਰਪਣ ਨਾਲ ਮਨੁੱਖ ਅਸਲ ਸ਼ਾਂਤੀ ਤੇ ਤਾਕਤ ਪਾਂਦਾ ਹੈ। ਇਸ ਤਰ੍ਹਾਂ ਜਦੋਂ ਇਨਸਾਨ ਆਪਣੀ ਹੱਦ ਸਮਝ ਲੈਂਦਾ ਹੈ, ਹਉਮੈ ਛੱਡ ਦਿੰਦਾ ਹੈ - ਉਹ ਅੰਦਰੋਂ ਹਲਕਾ ਹੋ ਜਾਂਦਾ ਹੈ।

ਜੀਅ ਜੰਤ ਸਭ ਤੇਰੇ ਕੀਤੇ ਘਟਿ ਘਟਿ ਤੁਹੀ ਧਿਆਈਐ॥

ਅਰਥ: ਸਾਰੇ ਜੀਵ-ਜੰਤੂ ਤੇਰੇ ਬਣਾਏ ਹਨ; ਹਰ ਹਿਰਦੇ ਵਿੱਚ ਕੇਵਲ ਤੂੰ ਹੀ ਵੱਸਦਾ ਹੈਂ।

ਫਿਲਾਸਫੀ ਸੱਚਾਈ: ਇਹ "ਵਿਸ਼ਵ-ਭਾਈਚਾਰਾ" ਦਾ ਸਭ ਤੋਂ ਡੂੰਘਾ ਰੂਪ ਹੈ - ਰੱਬ ਹਰ ਕਿਸੇ ਵਿੱਚ ਹੈ, ਇਸ ਲਈ ਕਿਸੇ ਨਾਲ ਵੈਰ ਨਹੀਂ।

ਆਧੁਨਿਕ ਉਦਾਹਰਨ: ਜਦੋਂ ਅਸੀਂ ਕਿਸੇ ਨੂੰ ਤੰਗ ਕਰਦੇ ਹਾਂ, ਠੱਗਦੇ ਹਾਂ, ਭੇਦਭਾਵ ਕਰਦੇ ਹਾਂ - ਅਸੀਂ ਅਸਲ ਵਿੱਚ ਉਸ ਰੱਬ-ਜੋਤ ਨਾਲ ਹੀ ਬੁਰਾ ਕਰ ਰਹੇ ਹੁੰਦੇ ਹਾਂ।

ਤੇਰੀ ਗਤਿ ਮਿਤਿ ਤੂਹੈ ਜਾਣਹਿ ਕੁਦਰਤਿ ਕੀਮ ਨ ਪਾਈਐ॥੩॥

ਅਰਥ: ਤੇਰੀ ਹਸਤੀ, ਤੇਰੀ ਹਿਕਮਤ, ਤੇਰਾ ਅੰਤ - ਤੈਨੂੰ ਹੀ ਪਤਾ ਹੈ। ਤੇਰੀ ਕੁਦਰਤ ਦੀ ਕੀਮਤ (ਮੁੱਲ) ਕੋਈ ਨਹੀਂ ਲਗਾ ਸਕਦਾ।

ਫਿਲਾਸਫੀ: ਵਿਸ਼ਵ ਦੀ ਡੂੰਘਾਈ, ਬ੍ਰਹਿਮੰਡ ਦੀ ਜਟਿਲਤਾ, ਜੀਵਨ ਦਾ ਕਮਾਲ -ਇਹ ਸਭ ਮਨੁੱਖੀ ਸਮਝ ਤੋਂ ਬਾਹਰ ਹੈ। ਅਹੰਕਾਰ ਦਾ ਅੰਤ ਇੱਥੋਂ ਸ਼ੁਰੂ ਹੁੰਦਾ ਹੈ।

ਨਿਰਗੁਣੁ ਮੁਗਧੁ ਅਜਾਣੁ ਅਗਿਆਨੀ ਕਰਮ ਧਰਮ ਨਹੀ ਜਾਣਾ॥

ਅਰਥ: ਮੈਂ ਨਿਰਗੁਣ (ਗੁਣ ਤੋਂ ਖਾਲੀ), ਮੂਰਖ, ਅਗਿਆਨੀ ਹਾਂ। ਮੈਂ ਕਰਮ-ਧਰਮ ਕਿਹੜੇ ਸਹੀ ਹਨ -ਇਹ ਵੀ ਨਹੀਂ ਜਾਣਦਾ।

ਫਿਲਾਸਫੀ: ਇਹ ਸਵੀਕਾਰਨਾ ਰੂਹਾਨੀ ਵਿਕਾਸ ਦੀ ਪਹਿਲੀ ਪੌੜੀ ਹੈ। ਜਦੋਂ ਇਨਸਾਨ ਆਪਣੀ ਸੀਮਿਤਤਾ ਮੰਨ ਲੈਂਦਾ ਹੈ - ਉਹ ਸਹੀ ਗਿਆਨ ਵੱਲ ਵਧਦਾ ਹੈ।

ਦਇਆ ਕਰਹੁ ਨਾਨਕੁ ਗੁਣ ਗਾਵੈ ਮਿਠਾ ਲਗੈ ਤੇਰਾ ਭਾਣਾ॥੪॥੬॥੫੩॥

ਅਰਥ: ਹੇ ਪ੍ਰਭੂ! ਮੇਹਰ ਕਰ। ਨਾਨਕ ਤੇਰੇ ਗੁਣ ਗਾਂਦਾ ਹੈ ਅਤੇ ਜੋ ਕੁਝ ਵੀ ਤੇਰੀ ਰਜ਼ਾ ਵਿੱਚ ਹੈ - ਉਹ ਮਨ ਨੂੰ ਮਿੱਠਾ (ਪਿਆਰਾ) ਲੱਗਦਾ ਹੈ।

ਫਿਲਾਸਫੀਕਲ ਸੰਦੇਸ਼: ਆਤਮਕ ਉੱਚਾਈ ਦਾ ਸਭ ਤੋਂ ਵੱਡਾ ਨਿਸ਼ਾਨ ਇਹ ਹੈ ਕਿ ਜ਼ਿੰਦਗੀ ਵਿੱਚ ਜੋ ਵੀ ਹੋਵੇ - ਮਨੁੱਖ ਉਸਨੂੰ ਆਪਣਾ ਕੇਵਲ ਰੱਬ ਦੀ ਰਜ਼ਾ ਸਮਝ ਕੇ ਮਿੱਠਾ ਮੰਨ ਲੇ। ਇੱਥੇ ਦੁਖ-ਸੁਖ ਦੋਵੇਂ "ਮਿੱਠੇ" ਬਣ ਜਾਂਦੇ ਹਨ ਕਿਉਂਕਿ ਮਨੁੱਖ ਦੀ ਚਾਹਤ ਸਿਰਫ਼ ਪ੍ਰਭੂ ਨਾਲ ਜੁੜਾਵ ਬਣ ਜਾਂਦੀ ਹੈ।

ਆਧੁਨਿਕ ਉਦਾਹਰਨ: ਜਦੋਂ ਜੀਵਨ ਵਿੱਚ ਅਚਾਨਕ ਔਖੇ ਸਮੇਂ ਆਉਂਦੇ ਹਨ, ਕੁਝ ਲੋਕ ਟੁੱਟ ਜਾਂਦੇ ਹਨ, ਪਰ ਜੋ "ਰਜ਼ਾ ਭਾਣਾ" ਨੂੰ ਸਮਝਦੇ ਹਨ - ਉਨ੍ਹਾਂ ਦਾ ਮਨ ਡਿਗਦਾ ਨਹੀਂ। ਉਹ ਸੋਚਦੇ ਹਨ - ਇਸ ਤਜਰਬੇ ਵਿੱਚ ਵੀ ਕੋਈ ਵੱਡਾ ਅਰਥ ਹੋਵੇਗਾ।

ਇਕ ਲਾਈਨ ਵਿੱਚ ਸਾਰ :

ਇਹ ਸ਼ਬਦ ਸਾਨੂੰ ਸਿਖਾਉਂਦਾ ਹੈ ਕਿ -

"ਰੱਬ ਨੇ ਸਾਨੂੰ ਇਹ ਸਰੀਰ ਦੇ ਕੇ ਸਭ ਕੁਝ ਕਰਨ ਦੀ ਤਾਕਤ ਦਿੱਤੀ ਹੈ - ਸੋਚਣ ਦੀ, ਚੰਗਾ-ਮਾੜਾ ਚੁਣਨ ਦੀ, ਰਚਣ ਦੀ, ਬਣਾ ਸਕਣ ਦੀ। ਅਸੀਂ ਜੋ ਵੀ ਕਰਦੇ ਹਾਂ, ਉਹ ਆਪਣੀ ਮਰਜ਼ੀ ਨਾਲ ਹੈ, ਪਰ ਹਰ ਮਰਜ਼ੀ ਦਾ ਮੂਲ ਉਸਦੀ ਰਜ਼ਾ ਵਿੱਚੋਂ ਹੀ ਨਿਕਲਦਾ ਹੈ। ਸਾਡੇ ਹੱਥ ਵਿਚ ਕਰਮ ਹਨ, ਪਰ ਉਨ੍ਹਾਂ ਕਰਮਾਂ ਦੀ ਡੋਰ ਉਸਦੇ ਹੱਥ ਵਿੱਚ ਹੈ। ਇਹ ਸਾਰੀ ਖੇਡ ਉਸ ਪ੍ਰਮਾਤਮਾ ਦੀ ਹੈ - ਅਸੀਂ ਖਿਡਾਰੀ ਹਾਂ, ਪਰ ਖੇਡ ਉਸਦੀ ਹੈ।"



ਅਹੰਕਾਰ, ਡਰ, ਗੁੱਸਾ ਤਦ ਹੀ ਖਤਮ ਹੁੰਦੇ ਹਨ ਜਦੋਂ ਮਨੁੱਖ ਇਹ ਸੱਚਾਈ ਸਮਝ ਲੈਂਦਾ ਹੈ। ਰੱਬ ਹਰ ਹਿਰਦੇ ਵਿੱਚ ਹੈ, ਇਸ ਲਈ ਹਰ ਜੀਵ ਦਾ ਸਤਿਕਾਰ ਕਰਨਾ ਚਾਹੀਦਾ ਹੈ। ਸਭ ਤੋਂ ਵੱਡੀ ਆਤਮਕ ਸਥਿਤੀ ਹੈ - ਰਜ਼ਾ ਨੂੰ ਮਿੱਠਾ ਮੰਨ ਲੈਣਾ।

**-ਗੁਰਦੇਵ ਸਿੰਘ ਬਠਿੰਡਾ**
**ਮੋਬ : 9316949649**

## ਜਥੇਦਾਰ ਵੱਲੋਂ ਸੰਸਦ ਮੈਂਬਰਾਂ ਨੂੰ ਪੱਤਰ ਲਿਖਣਾ

# ਅਕਾਲੀਆਂ ਦੀ ਅਯੋਗਤਾ ਦਾ ਕਬੂਲਨਾਮਾ : ਪ੍ਰੋ. ਸਰਚਾਂਦ ਸਿੰਘ ਖਿਆਲਾ

**ਅੰਮ੍ਰਿਤਸਰ, 10 ਦਸੰਬਰ (ਆਵਾਜ਼ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਅਤੇ ਸਿੱਖ ਚਿੰਤਕ ਪ੍ਰੋਫੈਸਰ ਸਰਚਾਂਦ ਸਿੰਘ ਖਿਆਲਾ ਨੇ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਅਕਾਲੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ 'ਵੀਰ ਬਾਲ ਦਿਵਸ' ਨੂੰ ਲੈ ਕੇ ਪੰਜਾਬ ਦੇ ਸੰਸਦ ਮੈਂਬਰਾਂ ਨੂੰ ਪੱਤਰ ਲਿਖਣ ਨੂੰ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਦੀ ਨਿਕਾਰਾ ਹੋ ਚੁੱਕੇ ਹੋਣ ਦਾ ਕਬੂਲਨਾਮਾ ਕਰਾਰ ਦਿੱਤਾ ਹੈ। ਉਹਨਾਂ ਕਿਹਾ ਕਿ ਇੱਕ ਸਮਾਂ ਸੀ ਜਦੋਂ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਲੀਡਰਸ਼ਿਪ ਇਤਨੀ ਮਜ਼ਬੂਤ ਸੀ ਕਿ ਉਸ ਦੇ ਇੱਕ ਇਸ਼ਾਰੇ 'ਤੇ ਸਰਕਾਰਾਂ ਹਿੱਲ ਜਾਂਦੀਆਂ ਸਨ, ਪਰ ਅੱਜ ਹਾਲਾਤ ਇਹ ਹੈ ਕਿ ਜਥੇਦਾਰ ਨੂੰ ਅਕਾਲੀਆਂ ਦੇ ਸਿਆਸੀ ਮੰਤਵ ਦੀ ਪੂਰਤੀ ਲਈ ਵੀ ਪੰਜਾਬ ਦੇ ਸੰਸਦ ਮੈਂਬਰਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਪ੍ਰੋ. ਖਿਆਲਾ ਨੇ ਹੈਰਾਨੀ ਪ੍ਰਗਟ ਕਰਦਿਆਂ ਕਿਹਾ ਕਿ ਸਿਆਸੀ ਦਬਾਅ ਹੇਠ ਮਰਿਆਦਾ ਦੀਆਂ ਧੱਜੀਆਂ ਉਡਾ ਕੇ ਪੰਥਕ ਭਾਵਨਾਵਾਂ ਨੂੰ ਠੇਸ ਪਹੁੰਚਾਉਂਦਿਆਂ 'ਜਥੇਦਾਰੀ' ਉੱਤੇ ਕਾਬਜ਼ ਹੋਏ ਵਿਅਕਤੀ ਵੱਲੋਂ ਅੱਜ ਸਿੱਖ ਭਾਵਨਾਵਾਂ ਦੀ ਦੁਹਾਈ ਦਿਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਿਹਾੜੇ ਨੂੰ ਰਾਸ਼ਟਰੀ ਪੱਧਰ 'ਤੇ ਮਨਾਉਣ ਪ੍ਰਤੀ ਸਿੱਖ ਪੰਥ ਵੱਲੋਂ ਕੀਤੀ ਗਈ ਚਿਰੋਕਣੀ ਅਤੇ ਪੁਰਜ਼ੋਰ ਮੰਗ ਦੇ ਚੱਲਦਿਆਂ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੁਆਰਾ 17 ਜਨਵਰੀ 2018 ਨੂੰ ਦਿੱਲੀ ਦੇ ਵਿਗਿਆਨ ਭਵਨ ਵਿੱਚ ਕੀਤੇ ਗਏ ਕੌਮੀ ਸੈਮੀਨਾਰ ਦੌਰਾਨ, ਜਿਸ ਵਿੱਚ ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਬੀਬੀ ਸਿਮਰਤੀ ਇਰਾਨੀ ਖ਼ਾਸ ਮਹਿਮਾਨ ਸਨ, 'ਚ ਖੁੱਲ੍ਹ ਕੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਦੇਸ਼-ਪੱਧਰ 'ਤੇ "ਬਾਲ ਦਿਵਸ" ਵਜੋਂ ਮਨਾਉਣ ਦੀ ਵਕਾਲਤ ਕੀਤੀ ਸੀ। ਇਸ ਵਿੱਚ ਦਿਲੀ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ ਕੇ, ਜਨਰਲ ਸਕੱਤਰ ਮਨਜਿੰਦਰ ਸਿੰਘ ਸਿਰਸਾ, ਅਕਾਲੀ ਸਾਂਸਦ ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਵੀ ਸੀ ਡਾ. ਜਸਪਾਲ ਸਿੰਘ ਅਤੇ ਕੌਮੀ ਘਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਸਮੇਤ ਕਈ ਅਕਾਲੀ ਆਗੂ ਸ਼ਾਮਲ ਸਨ। ਜਿੱਥੋਂ ਤੱਕ ਪੰਥਕ ਪ੍ਰਵਾਨਗੀ ਦਾ ਸਵਾਲ ਹੈ, ਹਰ ਸਾਲ, 14 ਨਵੰਬਰ ਨੂੰ ਬਾਲ ਦਿਵਸ ਵਜੋਂ ਮਨਾਇਆ ਜਾਂਦਾ ਹੈ, ਇਸ 'ਤੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜਦੋਂ 9 ਜਨਵਰੀ 2022 ਨੂੰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸ਼ੁਭ ਅਵਸਰ 'ਤੇ ਸਾਹਿਬਜ਼ਾਦਿਆਂ ਸਬੰਧੀ ਹਰ ਵਰ੍ਹੇ 26 ਦਸੰਬਰ ਨੂੰ 'ਵੀਰ ਬਾਲ ਦਿਵਸ' ਵਜੋਂ ਮਨਾਉਣ ਦਾ ਐਲਾਨ ਕੀਤਾ, ਤਾਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੌਜੂਦ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨ. ਹਰਪ੍ਰੀਤ ਸਿੰਘ ਨੇ ਪ੍ਰਧਾਨ ਮੰਤਰੀ ਦੇ ਐਲਾਨ ਬਾਰੇ ਗੁਰਪੁਰਬ ਮਨਾ ਰਹੀਆਂ ਸਿੱਖ ਸੰਗਤਾਂ ਨੂੰ ਜਾਣੂ ਕਰਾਇਆ ਤਾਂ ਉਨ੍ਹਾਂ ਜੈਕਾਰਿਆਂ ਦੀ ਗੂੰਜ ਨਾਲ ਇਸ ਫ਼ੈਸਲੇ ਨੂੰ ਪ੍ਰਵਾਨਗੀ ਦਿਤੀ ਸੀ। ਪ੍ਰੋ. ਖਿਆਲਾ ਨੇ ਕਿਹਾ ਕਿ ਨਾਮ ਬਦਲਣ 'ਤੇ ਵਿਚਾਰ ਹੋ ਸਕਦਾ ਹੈ, ਪਰ ਅਕਾਲੀ-ਭਾਜਪਾ ਗੱਠਜੋੜ ਟੁੱਟਣ ਤੋਂ ਬਾਅਦ ਅੱਜ ਜੋ ਮੰਗ ਉੱਠ ਰਹੀ ਹੈ, ਉਸ ਪਿੱਛੇ ਸਿਆਸੀ ਮੰਤਵ ਕਾਰਜਸ਼ੀਲ ਹੈ।



ਉਹਨਾਂ ਕਿਹਾ ਕਿ "ਸਾਹਿਬਜ਼ਾਦੇ ਬਾਬੇ ਸਨ ਬਾਲ ਨਹੀਂ" ਵੀ ਤਰਕਸੰਗਤ ਨਹੀਂ ਹੈ, ਕਿਉਂਕਿ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਬਾਲ ਅਵਸਥਾ 'ਚ ਹੋਈਆਂ ਹਨ। ਉਹਨਾਂ 'ਬਾਲ' ਕਹਿ ਕੇ ਸਾਹਿਬਜ਼ਾਦਿਆਂ ਨੂੰ ਆਮ ਬੱਚਿਆਂ ਦੀ ਸ਼੍ਰੇਣੀ ਵਿੱਚ ਲਿਆਉਣਾ ਦੇ ਸਵਾਲ 'ਤੇ ਪੁੱਛਿਆ ਕਿ ਕੀ ਕਿਸੇ ਆਮ ਸਧਾਰਨ ਬੱਚੇ ਦਾ ਦੇਸ਼ ਪੱਧਰ 'ਤੇ ਕੋਈ ਦਿਹਾੜਾ ਮਨਾਇਆ ਜਾਂਦਾ ਹੈ? ਜੇ ਬਾਲ ਸ਼ਬਦ ਨਾਲ ਸਾਹਿਬਜ਼ਾਦਿਆਂ ਦੇ ਮਾਣ ਸਤਿਕਾਰ 'ਚ ਫ਼ਰਕ ਪੈਂਦਾ ਹੈ ਤਾਂ ਫਿਰ ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਸਤਿਗੁਰੂ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਮਹਾਰਾਜ ਅੱਜ ਵੀ 'ਬਾਲਾ ਪ੍ਰੀਤਮ' ਹਨ। ਸ੍ਰੀ ਦਸਮੇਸ਼ ਪਿਤਾ ਦੀ ਬਾਲ ਅਵਸਥਾ ਨੂੰ ਚਿਤਰਨ ਸਮੇਂ 'ਬਾਲਾ ਪ੍ਰੀਤਮ' ਅਤੇ 'ਬਾਲ ਗੋਬਿੰਦ ਰਾਏ' ਲਿਖਿਆ ਜਾਂਦਾ ਹੈ। ਸਾਹਿਬਜ਼ਾਦਿਆਂ ਪ੍ਰਤੀ ਇਤਿਹਾਸਕ ਪ੍ਰਮਾਣ ਦੀ ਗਲ ਕਰੀਏ ਤਾਂ ਕਥਾ ਗੁਰੂ ਕੇ ਸੁਤਨ ਕੀ ਵਿਚ ਭਾਈ ਦਨਾ ਸਿੰਘ "ਬਾਲ ਬੁਲਾਇ ਲਏ ਜਬ ਹੀ ਤਬ ਆਨ ਅਦਾਲਤ ਬੀਚ ਪਠਾਏ" ਲਿਖ ਕੇ ਸਾਹਿਬਜ਼ਾਦਿਆਂ ਲਈ 'ਬਾਲ' ਸ਼ਬਦ ਦਾ ਹੀ ਪ੍ਰਯੋਗ ਕਰਦੇ ਹਨ। ਸਤਿਗੁਰਾਂ ਦੇ 'ਬਾਲਾ ਸਾਹਿਬ' ਦੇ ਨਾਮ 'ਤੇ ਕਈ ਗੁਰਦੁਆਰੇ ਮੌਜੂਦ ਹਨ। ਭਾਈ ਗੁਰਦਾਸ ਜੀ ਗੁਰੂ ਨਾਨਕ ਦੇਵ ਜੀ ਦਾ ਬਿਰਤਾਂਤ ਸਿਰਜਣ ਸਮੇਂ "ਆਖਣ ਸਿਧ ਸੁਣ ਬਾਲਿਆ ਅਪਣਾ ਨਾਂ ਤੁਮ ਦੇਹੁ ਬਤਾਈ॥" ਰਾਹੀਂ ਸਿੱਧਾਂ ਜੋਗੀਆਂ ਵੱਲੋਂ ਗੁਰੂ ਨਾਨਕ ਦੇਵ ਜੀ ਨੂੰ 'ਬਾਲਾ' ਕਹਿ ਕੇ ਸੰਬੋਧਨ ਕਰਨ ਦੇ ਪ੍ਰਮਾਣ ਦਿੰਦੇ ਹਨ। ਜਨਮਸਾਖੀ 'ਚ ਵੀ 'ਸਿੱਧ ਪੁਛਣ ਸੁਣ ਬਾਲਿਆ ਕੌਣ ਸ਼ਕਤਿ ਤੁਹਿ ਏਥੇ ਲਿਆਈ।' ਮਿਲਦਾ ਹੈ। ਇੱਥੇ ਹੀ ਬੱਸ ਨਹੀਂ ਗੁਰੂ ਨਾਨਕ ਦੇਵ ਜੀ ਖ਼ੁਦ ਵੀ ਆਪਣੀ ਬਾਣੀ 'ਚ ਸਿੱਧਾਂ ਵੱਲੋਂ ਆਪ ਜੀ ਨੂੰ ਬਾਲਾ ਕਹਿ ਕੇ ਸੰਬੋਧਿਤ ਕਰਨ ਨੂੰ ਪ੍ਰਵਾਨ ਕਰਦੇ ਹਨ, ਮਿਸਾਲ ਵਜੋਂ ਸਿੱਧ ਗੋਸ਼ਟੀ 'ਚ "ਕਹ ਬੈਸਹੁ ਕਹ ਰਹੀਐ ਬਾਲੇ ਕਹ ਆਵਹੁ ਕਹ ਜਾਹੋ ॥" ਅਤੇ "ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥" ਨੂੰ ਦੇਖਿਆ ਜਾ ਸਕਦਾ ਹੈ। ਇਸ ਲਈ "ਬਾਲ" ਸ਼ਬਦ ਸਾਹਿਬਜ਼ਾਦਿਆਂ ਦੇ ਸਤਿਕਾਰ ਜਾਂ ਮਹਾਨਤਾ ਵਿੱਚ ਕੋਈ ਕਮੀ ਜਾਂ ਘਾਟ ਨਹੀਂ ਲਿਆਉਂਦਾ, ਬਲਕਿ ਉਨ੍ਹਾਂ ਦੀ ਮਾਸੂਮ ਉਮਰੇ ਬਾਲ ਅਵਸਥਾ ਵਿੱਚ ਦਿੱਤੀ ਗਈ ਲਾਸਾਨੀ ਸ਼ਹਾਦਤ ਨੂੰ ਹੋਰ ਉਭਾਰਦਾ ਹੈ। ਪ੍ਰੋ. ਖਿਆਲਾ ਨੇ ਫ਼ਿਜ਼ਾ ਨੂੰ ਗੰਧਲਾ ਨਾ ਕਰਨ ਦੀ ਸਲਾਹ ਦਿਤੀ ਅਤੇ ਕਿਹਾ ਕਿ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਆਪਣੀ ਰਾਜਨੀਤਿਕ ਨਾਕਾਮੀ ਨੂੰ ਛੁਪਾਉਣ ਲਈ 'ਵੀਰ ਬਾਲ ਦਿਵਸ' ਨੂੰ ਵਿਵਾਦਿਤ ਤੇ ਪੰਥਕ ਮੁੱਦਾ ਨਾ ਬਣਾਉਣ ਅਤੇ ਸਿਆਸੀ ਮਕਸਦਾਂ ਲਈ ਪੰਥ ਨੂੰ ਭੁਲੇਖੇ 'ਚ ਨਾ ਪਾਉਣ। ਉਨ੍ਹਾਂ ਕਿਹਾ ਕਿ ਗੁਰਮਤਿ ਵਿਚਾਰਧਾਰਾ ਜਿੱਥੇ ਸਾਂਝੀਵਾਲਤਾ ਨੂੰ ਪ੍ਰਣਾਈ ਹੋਈ ਹੈ ਉੱਥੇ ਹੀ ਜਬਰ ਜ਼ੁਲਮ ਦਾ ਟਾਕਰਾ ਸਬਰ ਨਾਲ ਕਰਨ ਪ੍ਰਤੀ ਵੀ ਮਨੁੱਖ ਨੂੰ ਸੇਧ ਪ੍ਰਦਾਨ ਕਰਦੀ ਆਈ ਹੈ। ਧਰਮ ਦੇ ਨੇਕ ਸਿਧਾਂਤ ਤੋਂ ਭਟਕਣ ਦੀ ਬਜਾਏ ਮੌਤ ਨੂੰ ਤਰਜੀਹ ਦੇਣ ਵਾਲੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਦੀ ਗਾਥਾ ਨੂੰ ਦੁਨੀਆ ਦੇ ਹਰੇਕ ਮੁਲਕ ਅਤੇ ਹਰੇਕ ਧਰਮ ਦੇ ਲੋਕਾਂ ਤੱਕ ਪਹੁੰਚਾਉਣ ਦੀ ਲੋੜ ਹੈ। ਸਾਹਿਬਜ਼ਾਦਿਆਂ ਦੀ ਬਹਾਦਰੀ ਅਤੇ ਆਦਰਸ਼ ਲੱਖਾਂ ਲੋਕਾਂ ਨੂੰ ਬਲ ਬਖ਼ਸ਼ਦੇ ਹਨ। ਉਹ ਕਦੇ ਵੀ ਬੇਇਨਸਾਫ਼ੀ ਅੱਗੇ ਨਹੀਂ ਝੁਕੇ। ਵੱਧ ਤੋਂ ਵੱਧ ਲੋਕਾਂ ਨੂੰ ਸਿੱਖਾਂ ਦੀ ਦੇਸ਼ ਸਮਾਜ ਪ੍ਰਤੀ ਵੱਡੀ ਭੂਮਿਕਾ ਨੂੰ ਵਿਸ਼ਵ ਸਾਹਮਣੇ ਦ੍ਰਿਸ਼ਟੀਗੋਚਰ ਕਰਨ ਦੀ ਲੋੜ ਨੂੰ ਮਹਿਸੂਸ ਕਰਨਾ ਪ੍ਰਧਾਨ ਮੰਤਰੀ ਦਾ ਸਿੱਖੀ ਪਿਆਰ ਵਿਚ ਵਿੰਨ੍ਹੇ ਹੋਣ ਦੀ ਨਿਸ਼ਾਨੀ ਹੈ, ਇਹ ਪਾਲਿਟਿਕਸ ਨਹੀਂ, ਸ਼ਹਾਦਤ ਨੂੰ ਨਮਨ ਹੈ, ਉਨ੍ਹਾਂ ਦੀ ਸ਼ਹਾਦਤ ਨੂੰ ਰਾਸ਼ਟਰੀ ਪੱਧਰ 'ਤੇ ਸਨਮਾਨ ਮਿਲਿਆ ਹੈ। ਭਾਵੇਂ ਕਿ ਗੁਰੂ ਸਾਹਿਬ ਜੀ ਦੇ ਸਾਹਿਬਜ਼ਾਦਿਆਂ ਦਾ ਸਨਮਾਨ ਪਹਿਲਾ ਵੀ ਸੀ, ਹੁਣ ਵੀ ਹੈ ਅੱਗੇ ਵੀ ਰਹੇਗਾ। ਪਰ ਪ੍ਰਧਾਨ ਮੰਤਰੀ ਮੋਦੀ ਤੋਂ ਇਲਾਵਾ ਤਿੰਨ ਸਦੀਆਂ ਤੋਂ ਕਿਸੇ ਵੀ ਹਕੂਮਤ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਿੱਜਦਾ ਕਰਨ ਲਈ ਰਾਸ਼ਟਰੀ ਪੱਧਰ 'ਤੇ ਕੁਝ ਨਹੀਂ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਸਤਿਗੁਰਾਂ ਦੇ ਲਾਲਾਂ ਦੀ ਯਾਦ 'ਚ ਇਸ ਦਿਹਾੜੇ ਨੂੰ ਰਾਸ਼ਟਰ ਨੂੰ ਸਮਰਪਿਤ ਕਰਦਿਆਂ ਹਿੰਦੁਸਤਾਨ ਦੇ ਲੋਕਾਂ ਨੂੰ ਜਗਾਇਆ ਅਤੇ ਹਿੰਦ ਵਾਸੀਆਂ ਲਈ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ ਤੇ ਸ਼ਹਾਦਤਾਂ ਨੂੰ ਯਾਦ ਰੱਖਣ ਦਾ ਸੁਨੇਹਾ ਦਿੱਤਾ ਹੈ। ਇਸ ਕਦਮ ਨਾਲ ਕੌਮ ਦਾ ਸਿਰ ਉੱਚਾ ਹੋਇਆ ਹੈ, ਖ਼ਾਲਸੇ ਦੇ ਬੋਲ-ਬਾਲੇ ਤੇ ਸਿੱਖੀ ਦੀ ਪਛਾਣ ਹੋਰ ਵਿਕਸਤ ਹੋਵੇਗੀ। ਸਿੱਖ ਭਾਈਚਾਰੇ ਲਈ ਸਾਹਿਬਜ਼ਾਦਿਆਂ ਦੀ ਉਕਤ ਸਨਮਾਨ ਲਈ ਪ੍ਰਧਾਨ ਮੰਤਰੀ ਮੋਦੀ ਧੰਨਵਾਦ ਦਾ ਪਾਤਰ ਹੈ। ਜੋ ਵੀ ਵਿਅਕਤੀ ਪੰਥ ਲਈ ਚੰਗਾ ਕਾਰਜ ਕਰਦਾ ਹੈ ਉਸ ਦੀ ਹੌਸਲਾ ਅਫ਼ਜ਼ਾਈ ਅਤੇ ਸ਼ਲਾਘਾ ਹੋਣੀ ਚਾਹੀਦੀ ਹੈ। ਨਾ ਕਿ ਨੁਕਤਾਚੀਨ ਜਾਂ ਨਿੰਦਿਆ ਕਰਦਿਆਂ ਨਾਸ਼ੁਕਰਾ ਹੋਇਆ ਜਾਣਾ ਚਾਹੀਦਾ। ਸਾਨੂੰ ਇਸ ਗਲ ਤੋਂ ਸੇਧ ਲੈਣ ਦੀ ਜ਼ਰੂਰਤ ਹੈ ਕਿ ਔਰੰਗਜ਼ੇਬ ਦੇ ਨਾਲ ਲੱਖ ਵਿਰੋਧ ਹੋਣ ਪਰ ਜ਼ਫ਼ਰਨਾਮੇ ਵਿੱਚ ਦਸਮ ਪਿਤਾ ਨੇ ਉਸ ਦੇ ਕੀਤੇ ਚੰਗੇ ਕੰਮਾਂ ਦੀ ਸਿਫ਼ਤ ਵੀ ਕੀਤੀ ਹੈ। ਪ੍ਰਧਾਨ ਮੰਤਰੀ ਦੇ ਇਸ ਵੱਡੇ ਉਪਰਾਲੇ ਦਾ ਸਿੱਖ ਭਾਈਚਾਰੇ ਦੇ ਵੱਡੇ ਹਿੱਸੇ ਤੋਂ ਇਲਾਵਾ ਸਿੱਖ ਬੁੱਧੀਜੀਵੀਆਂ, ਇਤਿਹਾਸਕਾਰਾਂ, ਸਾਹਿਤਕਾਰਾਂ ਤੇ ਪ੍ਰਚਾਰਕਾਂ ਨੇ ਵਧ ਚੜ ਕੇ ਸਵਾਗਤ ਕੀਤਾ ਹੈ, ਉੱਥੇ ਹੀ ਕੁਝ ਲੋਕ ਅਜਿਹੇ ਵੀ ਹਨ ਜੋ ਆਪਣੇ ਸਿਆਸੀ ਅਕਾਵਾਂ ਨੂੰ ਖ਼ੁਸ਼ ਕਰਨ ਹਿਤ ਨਾਮਕਰਨ 'ਤੇ ਇਤਰਾਜ਼ ਤੇ ਵਿਵਾਦ ਖੜ੍ਹਾ ਕਰਦਿਆਂ ਦੁੱਧ 'ਚ ਕਾਂਜੀ ਘੋਲਨ ਦੀ ਹਮਾਕਤ ਕਰ ਰਹੇ ਹਨ। ਸਾਹਿਬਜ਼ਾਦਿਆਂ ਦਾ ਸਨਮਾਨ ਜਿਨ੍ਹਾਂ ਨੂੰ ਚੁੱਭਦਾ ਹੈ, ਉਹ ਸਿੱਖ ਤਾਂ ਹੋ ਹੀ ਨਹੀਂ ਸਕਦੇ। ਰਾਜਨੀਤੀ ਨਾ ਕਰੀਏ, ਐਨੇ ਬੇਸ਼ੁਕਰੇ ਤੇ ਬੇਈਮਾਨ ਵੀ ਨਾ ਬਣੀਏ। ਪ੍ਰਧਾਨ ਮੰਤਰੀ ਮੋਦੀ ਦੇ ਇਸ ਚੰਗੇ ਉੱਦਮ ਨੂੰ ਨਫ਼ਰਤ ਦੀ ਤੱਕੜੀ 'ਚ ਪਾ ਕੇ ਹੁੱਜਤਾਂ ਨਾ ਕਰੀਏ, ਸਗੋਂ ਉਸ ਨੂੰ ਹੋਰ ਉਤਸ਼ਾਹ ਕਰੀਏ ਤਾਂ ਕਿ ਉਸ ਨੂੰ ਸਿੱਖ ਪੰਥ ਲਈ ਸਹੀ ਫ਼ੈਸਲੇ ਲੈਣ 'ਚ ਮਜ਼ਬੂਤੀ ਮਿਲੇ। ਸਾਨੂੰ ਉਤਸ਼ਾਹ ਅਤੇ ਚਾਅ ਹੋਣਾ ਚਾਹੀਦਾ ਹੈ ਕਿ ਗੁਰੂ ਦੇ ਲਾਲਾਂ ਦੀ ਘਾਲ ਕਮਾਈ ਪ੍ਰਧਾਨ ਮੰਤਰੀ ਦੇ ਇਸ ਅਤਿ ਪਵਿੱਤਰ ਕਾਰਜ ਵੀਰ ਬਾਲ ਦਿਵਸ ਨਾਲ ਹਿੰਦੁਸਤਾਨ ਦੇ ਹਰ ਨੁੱਕਰ ਵਿਚ ਪਹੁੰਚ ਰਹੀ ਹੈ। ••

### ਜਸਮੀਤ ਕੌਰ ਚਹਿਲ ਨੇ

# ਡੋਰ ਟੂ ਡੋਰ ਕਰਕੇ ਚੋਣ ਮੁਹਿੰਮ ਨੂੰ ਭਖਾਇਆ



**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਪਣੇ ਹਲਕੇ ਵਿੱਚ ਪੈਂਦੇ ਪਿੰਡ ਘਨੌਰੀ ਕਲਾ ਜੋਨ ਤੋਂ ਜਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਜਸਮੀਤ ਕੌਰ ਚਹਿਲ ਪਤਨੀ ਅੰਮ੍ਰਿਤਪਾਲ ਸਿੰਘ ਚਹਿਲ ਸਰਪੰਚ ਘਨੌਰੀ ਕਲਾਂ ਨੇ ਡੋਰ ਟੂ ਡੋਰ ਕਰਕੇ ਚੋਣ ਪ੍ਰਚਾਰ ਨੂੰ ਸਿਖਰਾਂ ਤੇ ਪਹੁੰਚਾਇਆ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਸਰਪੰਚ ਅੰਮ੍ਰਿਤ ਚਹਿਲ ਨੇ ਕਿਹਾ ਕਿ ਘਨੌਰੀ ਕਲਾਂ ਜੋਨ ਤੋਂ ਜਸਮੀਤ ਕੌਰ ਆਪਣੇ ਜੋਨ ਤੋਂ ਵੱਡੀ ਲੀਡ ਨਾਲ ਜਿੱਤ ਪ੍ਰਾਪਤ ਕਰਕੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨਤੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਪੰਜਾਬ ਦੇ ਲੋਕ ਜ਼ਿਲਾ ਪਰਿਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਲੜ ਰਹੇ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਵੱਡੀ ਗਿਣਤੀ ਦੇ ਨਾਲ ਵੋਟਾਂ ਪਾ ਕੇ ਜਿਤਾਓ

ਆਵਾਜ਼ਿ ਕੌਮ AWAZE QAUM International Newspaper & WEB TV

### ਹਰਜਿੰਦਰ ਸਿੰਘ ਕਾਂਝਲਾ ਨੇ

# ਡੋਰ ਟੂ ਡੋਰ ਕਰਕੇ ਚੋਣ ਪ੍ਰਚਾਰ ਨੂੰ ਭਖਾਇਆ





**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਦੇ ਵਿੱਚ ਪੈਂਦੇ ਪਿੰਡ ਜਿਲ੍ਹਾ ਪ੍ਰੀਸ਼ਦ ਜੋਨ ਬਾਲੀਆ ਤੋਂ ਚੋਣ ਲੜ ਰਹੇ ਹਰਜਿੰਦਰ ਸਿੰਘ ਕਾਂਝਲਾ ਵੱਖ ਵੱਖ ਪਿੰਡਾਂ ਵਿੱਚ ਡੋਰ ਟੂ ਡੋਰ ਕਰਕੇ ਆਪਣੇ ਚੋਣ ਪ੍ਰਚਾਰ ਨੂੰ ਭਖਾਇਆ ਹੋਇਆ ਹੈ। ਇਸ ਮੌਕੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਠੇਕੇਦਾਰ ਹਰਜਿੰਦਰ ਸਿੰਘ ਕਾਂਝਲਾ ਨੇ ਕਿਹਾ ਕਿ ਜਿਲਾ ਪ੍ਰੀਸ਼ਦ ਬਲਾਕ ਸੰਮਤੀ ਚੋਣਾਂ ਵਿੱਚ ਆਪ ਦੇ ਉਮੀਦਵਾਰ ਵੱਡੇ ਮਾਰਜਨ ਨਾਲ ਜਿੱਤ ਕੇ ਪੰਜਾਬ ਦੇ ਮੁੱਖ ਮੰਤਰੀ ਸ, ਭਗਵੰਤ ਸਿੰਘ ਮਾਨ ਦੇ ਹੱਥ ਮਜਬੂਤ ਕਰਨਗੇ ਉਹਨਾਂ ਕਿਹਾ ਕਿ ਜਿਲਾ ਪ੍ਰੀਸ਼ਦ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਆਪਦੇ ਉਹਨਾਂ ਕਿਹਾ ਕਿ ਜਿਲਾ ਪ੍ਰੀਸ਼ਦ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਲੋਕ ਭਲਾਈ ਨੀਤੀਆਂ ਤੋਂ ਖੁਸ਼ ਹੋ ਕੇ ਆਪਦੇ ਉਮੀਦਵਾਰਾਂ ਨੂੰ ਵੱਡੇ ਮਾਰਜਨ ਨਾਲ ਜਿਤਾ ਕੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਨੀਹ ਪੱਥਰ ਰੱਖਣਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਰਛਪਾਲ ਸਿੰਘ ਭੁੱਲਰ ਦੇ ਹੱਕ ਵਿੱਚ ਸਰਪੰਚ ਲਾਲੀ ਨੇ ਕੀਤਾ ਵੱਡਾ ਇਕੱਠ



**ਧੂਰੀ (ਰਣਜੀਤ ਸਿੰਘ ਪੇਧਨੀ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਹਲਕੇ ਵਿੱਚ ਪੈਂਦੇ ਪਿੰਡ ਮੀਮਸਾਂ ਜੋਨ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਰਛਪਾਲ ਸਿੰਘ ਭੁੱਲਰ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਮੀਟਿੰਗਾਂ ਕਰਕੇ ਚੋਣ ਮੁਹਿੰਮ ਨੂੰ ਭਖਾਇਆ ਹੋਇਆ ਹੈ।। ਇਸੇ ਹੀ ਤਹਿਤ ਹਲਕੇ ਦੇ ਪਿੰਡ ਬੰਗਾਵਾਲੀ ਵਿਖੇ ਸਰਪੰਚ ਲਾਲੀ ਬੰਗਾਵਾਲੀ ਦੀ ਅਗਵਾਈ ਹੇਠ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਵੱਖ-ਵੱਖ ਪਿੰਡਾਂ ਵਿੱਚ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਹੋ ਰਹੀਆਂ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਦੇ ਹੱਕ ਵਿੱਚ 14 ਦਸੰਬਰ ਨੂੰ ਵੋਟਾਂ ਪਾ ਕੇ ਪੰਜਾਬ ਦੇ ਮੁੱਖ ਮੰਤਰੀ ਸ੍ਰ ਭਗਵੰਤ ਮਾਨ ਦੇ ਹੱਥ ਮਜਬੂਤ ਕਰੋ। ਇਸ ਮੌਕੇ ਬਲਜੀਤ ਕੌਰ ਪਤਨੀ ਅਮਰੀਕ ਸਿੰਘ ਸੋਹੀ ਚੇਅਰਪਰਸਨ ਵੇਰਕਾ ਮਿਲਕ ਪਲਾਂਟ ਸੰਗਰੂਰ , ਗਗਨ ਜਵੰਦਾ ਪ੍ਰਧਾਨ ਟਰੱਕ ਯੂਨੀਅਨ ,ਸਰਪੰਚ ਲਾਲੀ ਬੰਗਾਵਾਲੀ,ਸਰਪੰਚ ਜੱਗਾ ਭੋਜੋਵਾਲੀ ਪ੍ਰਧਾਨ ਪੰਚਾਇਤ ਯੂਨੀਅਨ ਧੂਰੀ, ਦਰਸਨ ਸਿੰਘ ਪਾਠਕ, ਤੀਰਥ ਸਿੰਘ ਭੱਦਲਵੜ ,ਸਰਪੰਚ ਗੁਰਪ੍ਰੀਤ ਸਿੰਘ ਗੋਪੀ ਮੀਮਸਾਂ, ਸਰਪੰਚ ਰਾਜੂ ਬਰੜਵਾਲ,ਆਪ ਆਗੂ ਅਵਤਾਰ ਸਿੰਘ ਭਸੌੜ, ਕਰਮਜੀਤ ਸਿੰਘ ਭੁੱਲਰ ਹਾਜਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

# ਵਕੀਲ ਜਸਪਾਲ ਸਿੰਘ ਮੰਝਪੁਰ ਨੂੰ ਤਿਹਾੜ ਜੇਲ੍ਹ ਅਧਿਕਾਰੀ ਨੇ ਭਾਈ ਸ਼ੇਰਾ ਦੀ ਮੁਲਾਕਾਤ ਕਰਨ ਲਈ ਕ੍ਰਿਪਾਨ ਲਾਹੁਣ ਵਾਸਤੇ ਕਿਹਾ



**ਨਵੀਂ ਦਿੱਲੀ, 10 ਦਸੰਬਰ (ਮਨਪ੍ਰੀਤ ਸਿੰਘ ਖਾਲਸਾ)**:- ਦੇਸ਼ ਅੰਦਰ ਸਿੱਖਾਂ ਨਾਲ ਵਿਤਕਰਾ ਜਾਰੀ ਹੈ ਇਸ ਦਾ ਪ੍ਰਤੱਖ ਪ੍ਰਮਾਣ ਅੱਜ ਕੌਮਾਂਤਰੀ ਮਨੁੱਖੀ ਦਿਹਾੜੇ ਨੂੰ ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੂੰ ਤਿਹਾੜ ਜੇਲ੍ਹ ਅੰਦਰ ਬੰਦ ਭਾਈ ਹਰਦੀਪ ਸਿੰਘ ਸ਼ੇਰਾ ਦੀ ਮੁਲਾਕਾਤ ਕ੍ਰਿਪਾਨ ਪਾਈ ਹੋਣ ਕਰਕੇ ਨਹੀਂ ਹੋਣ ਦਿੱਤੀ ਤੇ ਕਿਹਾ ਗਿਆ ਕਿ ਕ੍ਰਿਪਾਨ ਲਾਹ ਕੇ ਮੁਲਾਕਾਤ ਕਰੋ ।ਦਸਣਯੋਗ ਹੈ ਕਿ ਅੱਜ ਪਟਿਆਲਾ ਹਾਊਸ ਅਦਾਲਤ ਵਿਚ ਜੱਗੀ ਜੋਹਲ, ਬੱਗਾ, ਸ਼ੇਰਾ ਅਤੇ ਹੋਰਾਂ ਦੀ ਤਰੀਕ ਸੀ ਜਿਸ ਦੀ ਪੈਰਵਾਈ ਲਈ ਭਾਈ ਮੰਝਪੁਰ ਲੁਧਿਆਣਾ ਤੋਂ ਦਿੱਲੀ ਆਏ ਹਨ ।ਅਦਾਲਤ ਅੰਦਰ ਬੰਦੀ ਸਿੰਘਾਂ ਨੂੰ ਵੀਡੀਓ ਕਾਨਫਰੰਸ ਰਾਹੀਂ ਪੇਸ਼ ਕੀਤਾ ਗਿਆ ਤੇ ਮਾਮਲੇ ਵਿਚ ਇਕ ਗਵਾਹ ਦੀ ਗਵਾਹੀ ਤੋਂ ਬਾਅਦ ਉਨ੍ਹਾਂ ਤਿਹਾੜ ਜੇਲ੍ਹ ਭਾਈ ਸ਼ੇਰੇ ਦੀ ਮੁਲਾਕਾਤ ਕਰਣੀ ਸੀ ।ਉਨ੍ਹਾਂ ਦਸਿਆ ਕਿ ਓਹ ਪਿਛਲੇ ਵੀਹ ਸਾਲਾਂ ਤੋਂ ਤਿਹਾੜ ਅਤੇ ਮੰਡੋਲੀ ਜੇਲ੍ਹ ਵਿਚ ਬੰਦੀ ਸਿੰਘਾਂ ਦੀ ਮੁਲਾਕਾਤ ਕਰਦੇ ਆ ਰਹੇ ਹਨ ਪਰ ਇਸ ਤਰ੍ਹਾਂ ਕਦੇ ਨਹੀਂ ਹੋਇਆ ਤੇ ਅੱਜ ਕੌਮਾਂਤਰੀ ਮਨੁੱਖੀ ਦਿਹਾੜੇ ਵਾਲੇ ਦਿਨ ਮੈਨੂੰ ਕ੍ਰਿਪਾਨ ਕਰਕੇ ਮੁਲਾਕਾਤ ਨਹੀਂ ਕਰਣ ਦਿੱਤੀ ।ਉਨ੍ਹਾਂ ਕਿਹਾ ਕਿ ਨੌਵੇਂ ਪਾਤਸ਼ਾਹ ਜੀ ਦਾ ਸ਼ਹੀਦੀ ਪੁਰਬ ਮਨਾਉਣ ਵਾਲੀ ਸਰਕਾਰਾਂ ਅਤੇ ਓਹ ਸਮੂਹ ਸਿੱਖ ਜੋ ਕਹਿੰਦੇ ਹਨ ਕਿ ਦੇਸ਼ ਅੰਦਰ ਸਿੱਖਾਂ ਨਾਲ ਵਿਤਕਰਾ ਨਹੀਂ ਹੁੰਦਾ, ਲਈ ਵਡੀ ਸ਼ਰਮ ਦੀ ਗੱਲ ਹੈ ਕਿ ਉਨ੍ਹਾਂ ਦੇ ਅਧਿਕਾਰ ਖੇਤਰ ਅੰਦਰ ਸਿੱਖਾਂ ਨਾਲ ਵਿਤਕਰਾ ਹੋ ਰਿਹਾ ਹੈ ।ਉਨ੍ਹਾਂ ਕਿਹਾ ਕਿ ਸਿੱਖਾਂ ਨਾਲ ਵਿਤਕਰਾ ਹੁੰਦਾ ਸੀ, ਹੁੰਦਾ ਹੈ ਤੇ ਹੁੰਦਾ ਰਹੇਗਾ।

ਆਵਾਜ਼ਿ ਕੌਮ AWAZE QAUM International Newspaper & WEB TV

# ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੀ ਸਰਕਾਰ ਦੇਖਣ ਨੂੰ ਉਤਾਵਲੇ ਹਨ: ਢੀਡਸਾ, ਲੌਂਗੋਵਾਲ, ਬਰਨਾਲਾ



**ਧੂਰੀ ( ਰਣਜੀਤ ਸਿੰਘ ਪੇਧਨੀ )**-ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਦੇ ਸੀਨੀਅਰ ਆਗੂ ਉੱਘੇ ਸਮਾਜ ਸੇਵੀ ਸ, ਪਰਮਜੀਤ ਸਿੰਘ ਪੰਮਾ ਬਾਠ ਦੀ ਅਗਵਾਈ ਦੇ ਹੇਠ ਜਿਲ੍ਹਾ ਪਰਿਸ਼ਦ ਜੋਨ ਬਾਲੀਆਂ ਤੋਂ ਕੁਲਵਿੰਦਰ ਸਿੰਘ ਖਾਲਸਾ ਦਹ ਚੋਣ ਮੁਹਿੰਮ ਨੂੰ ਹੁੰਗਾਰਾ ਦੇਣ ਲਈ ਪਿੰਡ ਬਾਲੀਆਂ ਵਿਖੇ ਇਕ ਵੱਡਾ ਇਕੱਠ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਪਰਮਿੰਦਰ ਸਿੰਘ ਢੀਡਸਾ, ਭਾਈ ਗੋਬਿੰਦ ਸਿੰਘ ਲੌਂਗੋਵਾਲ ਸਾਬਕਾ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਸੀਨੀਅਰ ਆਗੂ ਬੀਬੀ ਹਰਪ੍ਰੀਤ ਕੌਰ ਬਰਨਾਲਾ ਕੁਲਵਿੰਦਰ ਸਿੰਘ ਦੀ ਚੋਣ ਮੁਹਿੰਮ ਨੂੰ ਹੁੰਗਾਰਾ ਦੇਣ ਲਈ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਵੱਡੇ-ਵੱਡੇ ਦਾਅਵੇ ਕਰਕੇ ਸੱਤਾ ਵਿੱਚ ਆਈ 'ਆਪ' ਪਾਰਟੀ ਦੇ ਲੋਕ ਵਿਰੋਧੀ ਫੈਸਲਿਆਂ ਕਾਰਨ ਅੱਜ ਹਰ ਵਰਗ ਸਰਕਾਰ ਦੀਆਂ ਜੜ੍ਹਾਂ ਪੁੱਟਣ ਲਈ ਉਤਾਵਲਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇੱਕ ਪਾਸੇ ਸਰਕਾਰ ਮੁਲਾਫ਼ ਵੱਡੇ ਪ੍ਰਦਰਸ਼ਨ ਹੋ ਰਹੇ ਹਨ, ਉਥੇ ਹੀ ਵੱਡੀ ਗਿਣਤੀ ਵਿੱਚ ਲੋਕ 'ਆਪ' ਅਤੇ ਕਾਂਗਰਸ ਪਾਰਟੀ ਨੂੰ ਛੱਡ ਕੇ ਸ਼੍ਰੋਮਣੀ ਅਕਾਲੀ ਦਲ ਪੁਨਰ ਸਰਜੀਤ ਨਾਲ ਜੁਲ ਰਹੇ ਹਨ, ਜੋ ਕਿ 2027 ਦੀਆਂ ਚੋਣਾਂ ਲਈ ਸ਼ੁਭਸ਼ਗਨ ਹੈ

ਇਸ ਮੌਕੇ ਜਸਵੰਤ ਸਿੰਘ ਭੱਠਲ, ਸੁਖਪਾਲ ਸ਼ਰਮਾ,ਦਰਸ਼ਨ ਸਿੰਘ ਬੇਨੜਾ, ਭਰਪੂਰ ਸਿੰਘ, ਗੁਰਵਿੰਦਰ ਸਿੰਘ ਗੋਗੀ, ਗੁਰਚਰਨ ਸਿੰਘ ਲੱਡਾ, ਜਸਨ ਮੂਲੋਂਵਾਲ, ਮਹਿੰਦਰ ਸਿੰਘ ਰਣੀਕੇ ਅਤੇ ਵੱਖ ਵੱਖ ਪਿੰਡਾਂ ਦੇ ਲੋਕ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਡਰੋਲੀ ਭਾਈ ਵਿਖੇ

# ਸਾਕੇ ਤ੍ਰੈ ਸ਼ਤਾਬਦੀ ਸ਼ਹੀਦੀ ਸਮਾਗਮ ਹੋਇਆ



ਫ਼ਿਰੋਜ਼ਪੁਰ, 10 ਦਸੰਬਰ (ਮਨੋਹਰ ਲਾਲ):— ਪੰਜਾਬ ਦੇ ਮੋਗਾ ਜ਼ਿਲ੍ਹੇ ਦੇ ਇਤਿਹਾਸਕ ਪਿੰਡ ਡਰੋਲੀ ਭਾਈ ਦੇ ਗੁਰਦੁਆਰਾ ਸਿਮਰਨਸਰ ਸਾਹਿਬ (ਪਵਿੱਤਰ ਇਤਿਹਾਸਕ) ਦੀਵਾਨ ਸਥਾਨ ਪਾਤਸ਼ਾਹੀ ਛੇਵੀਂ, ਸੱਤਵੀਂ, ਨੌਵੀਂ) ਵਿਖੇ ਸ੍ਰਿਸ਼ਟੀ ਦੀ ਚਾਦਰ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਹਾਰਾਜ ਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਭਾਈ ਸਤੀ ਦਾਸ, ਭਾਈ ਮਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਸ਼ਹਾਦਤ ਦੇ 350 ਵੇਂ ਸਾਲ ਵਿਚ ਸਾਕੇ ਤ੍ਰੈ ਸ਼ਤਾਬਦੀ ਸ਼ਹੀਦੀ ਸਮਾਗਮ ਕਰਵਾਇਆ ਗਿਆ। ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਛਤਰ ਛਾਇਆ ਅਤੇ ਕਾਰ ਸੇਵਾ ਸੰਸਥਾ ਬੀੜ ਸਾਹਿਬ ਸ੍ਰੀਮਾਨ ਸੰਤ ਬਾਬਾ ਖੜਕ ਸਿੰਘ ਜੀ ਕੌਮੀ ਸ਼ਹੀਦ ਸੰਤ ਬਾਬਾ ਚਰਨ ਸਿੰਘ ਜੀ ਦੇ ਮੌਜੂਦਾ ਮੁਖੀ ਡਾ: ਸੰਤ ਬਾਬਾ ਗੁਰਨਾਮ ਸਿੰਘ ਜੀ ਡਰੋਲੀ ਭਾਈ ਕਾਰ ਸੇਵਾ ਵਾਲੇ ਤੇ ਸੇਵਾਦਾਰਾਂ ਦੀ ਦੇਖ×ਰੇਖ ਹੇਠ ਸਜੇ ਸਮਾਗਮਾਂ ਵਿਚ ਗੁਰਬਾਣੀ ਦੇ ਪਾਠਾਂ ਦੇ ਭੋਗ ਉਪਰੰਤ ਕੀਰਤਨ ਹੋਇਆ। ਇਸ ਸਮੇਂ ਲੱਖਾਂ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਨ ਕਰਦਿਆਂ ਸੰਤ ਬਾਬਾ ਅਵਤਾਰ ਸਿੰਘ ਸੁਰ ਸਿੰਘ ਵਾਲੇ, ਸੰਤ ਬਾਬਾ ਹਰੀ ਸਿੰਘ ਰੰਧਾਵੇ ਵਾਲੇ, ਸੰਤ ਬਾਬਾ ਅਮੀਰ ਸਿੰਘ ਮੁਖੀ ਜਵੱਦੀ ਟਕਸਾਲ ਤੋਂ ਇਲਾਵਾ ਸਿੰਘ ਸਾਹਿਬ ਗਿ: ਰਘਬੀਰ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਨੇ ਆਖਿਆ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਮਨੁੱਖੀ ਹੱਕਾਂ, ਧਾਰਮਿਕ ਸੁਤੰਤਰਤਾ ਦੇ ਰਾਖੇ, ਧਰਮ ਤੇ ਸ੍ਰਿਸ਼ਟੀ ਦੀ ਚਾਦਰ ਹਨ। ਉਨ੍ਹਾਂ ਆਖਿਆ ਕਿ ਸੰਤ ਬਾਬਾ ਖੜਕ ਸਿੰਘ, ਕੌਮੀ ਸ਼ਹੀਦ, ਸੰਤ ਬਾਬਾ ਚਰਨ ਸਿੰਘ ਬੀੜ ਸਾਹਿਬ ਵਾਲਿਆਂ ਦੇ ਉਤ੍ਰਾਧਿਕਾਰੀ ਡਾ: ਸੰਤ ਬਾਬਾ ਗੁਰਨਾਮ ਸਿੰਘ ਡਰੋਲੀ ਭਾਈ ਵੱਲੋਂ ਗੁਰਧਾਮਾਂ ਦੀ ਕਾਰ ਸੇਵਾ, ਸਮਾਜ ਸੇਵੀ, ਦੁਖੀ ਮਾਨਵਤਾ ਦੀ ਇਲਾਜ ਸੇਵਾ, ਨਸ਼ਾ ਛੁਡਾਊ ਕਾਰਜ ਦੇ ਨਾਲ—ਨਾਲ ਧਰਮ ਪ੍ਰਚਾਰ ਕਾਰਜਾਂ ਦੀ ਲੜੀ ਤਹਿਤ ਨੌਵੇਂ ਸਤਿਗੁਰੂ ਜੀ ਦੇ ਇਸ ਸਾਕੇ ਤ੍ਰੈ ਸ਼ਤਾਬਦੀ ਸ਼ਹੀਦੀ ਸਮਾਗਮਾਂ ਵਿਚ ਪ੍ਰਬੰਧਕੀ ਤਰਤੀਬ ਅਤੇ ਲੱਖਾਂ ਸੰਗਤਾਂ ਦੇ ਇਕੱਠ ਵੱਲੋਂ ਪ੍ਰੇਮ ਨਾਲ ਸ਼ਾਂਤੀਪੂਰਵਕ ਬੈਠ ਕੇ ਗੁਰੂ ਜ਼ਸ ਸ੍ਰਵਣ ਕਰਨ ਦੀ ਕਿਰਿਆ ਆਪਣੀ ਮਿਸਾਲ ਆਪ ਹੈ। ਗਿਆਨੀ ਗੁਰਮੁੱਖ ਸਿੰਘ ਐਮ.ਏ, ਗਿ: ਸੁੱਚਾ ਸਿੰਘ ਡੇਰਾ ਪਠਾਣਾਂ ਦੇ ਕਵੀਸ਼ਰੀ ਜਥਿਆਂ ਅਤੇ ਗਿ: ਲਖਵਿੰਦਰ ਸਿੰਘ ਸੋਹਲ ਤੇ ਗਿ: ਹਰਪਾਲ ਸਿੰਘ ਢੰਡ ਦੇ ਢਾਡੀ ਜਥਿਆਂ ਨੇ ਨੌਵੇਂ ਗੁਰੂ ਜੀ ਦੇ ਪਵਿੱਤਰ ਜੀਵਣ ਤੇ ਸ਼ਹਾਦਤ ਦੇ ਲੜੀਵਾਰ ਪ੍ਰਸੰਗ ਸ੍ਰਵਣ ਕਰਵਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਪੰਥ ਪ੍ਰਸਿੱਧ ਕਥਾਵਾਚਕ ਭਾਈ ਸਾਹਿਬ ਗਿ: ਪਿੰਦਰਪਾਲ ਸਿੰਘ ਨੇ ਨੌਵੇਂ ਗੁਰੂ ਜੀ ਦੇ ਜੀਵਨ, ਸ਼ਹਾਦਤ ਦਾ ਇਤਿਹਾਸ ਅਤੇ ਗੁਰਬਾਣੀ ਦੀ ਕਥਾ ਵਿਚਾਰ ਨਾਲ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਲੱਖਾਂ ਸੰਗਤਾਂ ਵਲੋਂ ਸਤਿਗੁਰੂ ਸਮੇਤ ਸ਼ਹੀਦਾਂ ਦੇ ਸਤਿਕਾਰ—ਪਿਆਰ ਸਦਕਾ ਸਾਰਾ ਦਿਨ ਸ਼ਾਂਤ ਬੈਠ ਕੇ ਹਾਜ਼ਰੀ ਭਰਨ ਅਤੇ ਡਾ: ਸੰਤ ਬਾਬਾ ਗੁਰਨਾਮ ਸਿੰਘ ਦੀ ਭਰਪੂਰ ਸ਼ਲਾਘਾ ਕੀਤੀ। ਉਪਰੋਕਤ ਤੋਂ ਇਲਾਵਾ ਇਸ ਸਮੇਂ ਸੰਤ ਬਾਬਾ ਬੁੱਧ ਸਿੰਘ ਨਿੱਕੇ ਘੁੰਮਣ, ਸ੍ਰੀ ਸ੍ਰੀ ਰਵੀ ਸ਼ੰਕਰ ਵੱਲੋਂ ਬ੍ਰਹਮਚਾਰੀ ਵਿਦਿਆ ਨੰਦ ਜੀ, ਸੰਤ ਬਾਬਾ ਹਰੀ ਸਿੰਘ ਨਾਨਕਸਰ ਕਲੇਰਾਂ, ਸੰਤ ਬਾਬਾ ਹਰੀ ਸਿੰਘ ਨਾਨਕਸਰ ਜ਼ੀਰਾ, ਸੰਤ ਬਾਬਾ ਬਲਦੇਵ ਸਿੰਘ ਜ਼ੋਗੇਵਾਲ, ਸੰਤ ਬਾਬਾ ਮਹਿੰਦਰ ਸਿੰਘ ਜਨੇਰ, ਸੰਤ ਬਾਬਾ ਸਾਧੂ ਸਿੰਘ ਲੰਗੇਆਣਾ, ਸੰਤ ਬਾਬਾ ਅਮਰੀਕ ਸਿੰਘ ਖੁਖਰੈਣ, ਬਾਬਾ ਭੁਪਿੰਦਰ ਸਿੰਘ ਸੱਧਰਵਾਲਾ, ਬਾਬਾ ਅਵਤਾਰ ਸਿੰਘ ਸਾਧਾਂਵਾਲਾ, ਬਾਬਾ ਹਜ਼ੂਰਾ ਸਿੰਘ ਬਠਿੰਡਾ, ਬਾਬਾ ਨੰਦ ਸਿੰਘ ਮੁੰਡਾ ਪਿੰਡ, ਬਾਬਾ ਰਣਜੀਤ ਸਿੰਘ ਸੱਦਾ ਸਿੰਘ ਵਾਲਾ, ਬਾਬਾ ਅਜੀਤ ਸਿੰਘ ਠੱਠਾ ਸਾਹਿਬ, ਪ੍ਰਧਾਨ ਕੁਲਦੀਪ ਸਿੰਘ ਭਾਗੋਕੇ, ਬਾਬਾ ਗੁਰਸੇਵਕ ਸਿੰਘ ਝਬਾਲ, ਬਾਬਾ ਚਮਕੌਰ ਸਿੰਘ ਗੱਜਣਵਾਲਾ, ਬਾਬਾ ਮਨਜੀਤ ਸਿੰਘ ਲਾਲੂਵਾਲਾ ਤੋਂ ਇਲਾਵਾ ਸੰਤ ਬਾਬਾ ਨਰਿੰਦਰ ਸਿੰਘ ਹਜ਼ੂਰ ਸਾਹਿਬ, ਬਾਬਾ ਗੁਰਮੀਤ ਸਿੰਘ ਖੋਸਾ ਕੋਟਲਾ, ਬੀਬੀ ਸਰਬਜੀਤ ਕੌਰ ਛਪੜੀ ਸਾਹਿਬ, ਬਾਬਾ ਸੁਲੱਖਣ ਸਿੰਘ ਪੰਜਵੜ, ਬਾਬਾ ਨਿਰੰਜਨ ਸਿੰਘ ਪੰਜਵੜ ਵੱਲੋਂ ਨੁਮਾਇੰਦੇ ਪੁੱਜੇ। ਇਸ ਤੋਂ ਇਲਾਵਾ ਡਾ: ਅਮਨਦੀਪ ਕੌਰ ਅਰੋੜਾ ਐਮ.ਐਲ.ਏ, ਬਰਜਿੰਦਰ ਸਿੰਘ ਮੱਖਣ ਬਰਾੜ, ਰਜਿੰਦਰ ਸਿੰਘ ਡੱਲਾ, ਅਨੁਮੀਤ ਸਿੰਘ ਹੀਰਾ ਸੋਢੀ, ਹਰਪ੍ਰੀਤ ਸਿੰਘ ਹੀਰੋ, ਸਤਪਾਲ ਸਿੰਘ ਤਲਵੰਡੀ, ਗੁਰਮੀਤ ਸਿੰਘ ਬੂਹ, ਐਡਵੋਕੇਟ ਮਨਜੀਤ ਸਿੰਘ ਰਾਏ, ਨਿਧੜਕ ਸਿੰਘ ਬਰਾੜ, ਪਰਮਜੀਤ ਸਿੰਘ ਸਿੱਧਵਾ ਅਤੇ ਮਨਜੀਤ ਸਿੰਘ ਭੋਮਾ ਆਦਿ ਨੇ ਵੀ ਹਾਜ਼ਰੀ ਭਰੀ। ਸਟੇਜ਼ ਸੰਚਾਲਨ ਦੀ ਸੇਵਾ ਪੰਥਕ ਵਿਦਵਾਨ ਗਿਆਨੀ ਭਗਵਾਨ ਸਿੰਘ ਜ਼ੌਹਲ ਵੱਲੋਂ ਨਿਭਾਈ ਗਈ। ਗੁਰੂ ਕਾ ਲੰਗਰ ਅਤੁੱਟ ਵਰਤਿਆ। ਇਸ ਸਮੇਂ ਲਗਾਏ ਗਏ 27 ਰੋਜਾ ਮੁਫਤ ਡਾਕਟਰੀ ਕੈਂਪ ਵਿਚ 9 ਹਜ਼ਾਰ ਤੋਂ ਵੱਧ ਮਰੀਜਾਂ ਦਾ ਨਿਰੀਖਣ ਕਰਕੇ ਮੁਫਤ ਦਵਾਈਆਂ ਦੀ ਸੇਵਾ ਕੀਤੀ ਗਈ। ਅੰਤ ਵਿਚ ਪਾਵਨ ਇਤਿਹਾਸਕ ਗੁਰਧਾਮ ਅਤੇ ਸਮਾਗਮਾਂ ਦੇ ਮੁੱਖ ਪ੍ਰਬੰਧਕ ਡਾ: ਸੰਤ ਬਾਬਾ ਗੁਰਨਾਮ ਸਿੰਘ ਵੱਲੋਂ ਪਹੁੰਚੀਆਂ ਪ੍ਰਮੁੱਖ ਸਖਸ਼ੀਅਤਾਂ ਅਤੇ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

### ਮੈਂ ਹਾਂ ਪੰਜਾਬ: ਦਿੱਲੀ ਪਬਲਿਕ ਸਕੂਲ 'ਚ

# ਸੰਸਕ੍ਰਿਤੀ ਤੇ ਇਤਿਹਾਸ ਦਾ ਸ਼ਾਨਦਾਰ ਪ੍ਰਸਤੁਤੀਕਰਨ

ਫ਼ਿਰੋਜ਼ਪੁਰ, 10 ਦਸੰਬਰ (ਮਨੋਹਰ ਲਾਲ) :— ਦਿੱਲੀ ਪਬਲਿਕ ਸਕੂਲ ਵੱਲੋਂ ਸਕੂਲ ਦੇ 10 ਸ਼ਾਨਦਾਰ ਸਾਲ ਪੂਰੇ ਹੋਣ ਦੇ ਉਪਲੱਖ ਵਿੱਚ ਆਯੋਜਿਤ ਸੱਭਿਆਚਾਰਕ ਸ਼ਾਮ "ਮੈਂ ਹਾਂ ਪੰਜਾਬ" ਨੇ ਦਰਸ਼ਕਾਂ ਦੇ ਦਿਲਾਂ ਵਿੱਚ ਗਰੂਰ, ਭਾਵਨਾਵਾਂ ਅਤੇ ਪੰਜਾਬੀਅਤ ਦੀ ਨਵੀਂ ਜੋਤ ਜਗਾ ਦਿੱਤੀ। ਪੂਰਾ ਪ੍ਰੋਗ੍ਰਾਮ ਇੰਨਾ ਪ੍ਰਭਾਵਸ਼ਾਲੀ ਰਿਹਾ ਕਿ ਹਰ ਇੱਕ ਦਰਸ਼ਕ ਭਾਵਨਾਵਾਂ ਨਾਲ ਭਰ ਗਿਆ। ਇਸ ਮੌਕੇ ਮੁੱਖ ਮਹਿਮਾਨ ਬ੍ਰਿਗੇਡੀਅਰ ਰਾਹੁਲ ਯਾਦਵ (ਕਮਾਂਡੈਂਟ 159 ਜਨਰਲ ਹਸਪਤਾਲ), ਸਕੂਲ ਦੇ ਸੰਚਾਲਕ ਸ੍ਰੀ ਸੁਰਿੰਦਰ ਪਾਲ ਸੂਚ, ਸ੍ਰੀਮਤੀ ਅਨੂ ਆਹੂਜਾ, ਸਥਾਪਕ ਪ੍ਰਿੰਸਿਪਲ ਸ੍ਰੀਮਤੀ ਇਕਵਿੰਦਰ ਸਿੰਘ, ਡਾ: ਰਾਕੇਸ਼ ਸਚਦੇਵਾ ਅਤੇ ਮੌਜੂਦਾ ਪ੍ਰਿੰਸਿਪਲ ਡਾ: ਲਤਾ ਤੇਜਪਾਲ ਹਾਜ਼ਰ ਰਹੇ। ਸਾਰੇ ਮਾਨਯੋਗ ਅਤਿਥੀਆਂ ਦੀ ਹਾਜ਼ਰੀ ਵਿੱਚ ਸਕੂਲ ਦੀ ਦਸ ਸਾਲਾ ਯਾਤਰਾ ਉੱਤੇ ਆਧਾਰਿਤ ਯਾਦਗਾਰ "ਦਹਾਕਾ ਡਾਇਰੀ" ਦਾ ਸ਼ਾਨਦਾਰ ਰਿਲੀਜ਼ ਕੀਤਾ ਗਿਆ। ਮੁੱਖ ਮਹਿਮਾਨ ਬ੍ਰਿਗੇਡੀਅਰ ਰਾਹੁਲ ਯਾਦਵ ਨੇ ਆਪਣੇ ਸੰਬੋਧਨ ਵਿੱਚ ਬੱਚਿਆਂ ਨੂੰ ਆਪਣੀ ਮਿੱਟੀ, ਆਪਣੇ ਸੰਸਕਾਰ ਅਤੇ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ ਦੀ ਪ੍ਰੇਰਣਾ ਦਿੱਤੀ। ਉਹਨਾਂ ਨੇ ਕਿਹਾ ਕਿ ਪੰਜਾਬ ਦੀ ਰੂਹ ਉਸਦੀ ਹਿੰਮਤ, ਬਲਿਦਾਨ ਅਤੇ ਮੁੱਲਾਂ ਵਿੱਚ ਵੱਸਦੀ ਹੈ, ਜਿਸਨੂੰ ਅਗਲੀ ਪੀੜ੍ਹੀਆਂ ਲਈ ਸਾਂਭਣਾ ਬਹੁਤ ਜ਼ਰੂਰੀ ਹੈ। ਪ੍ਰੋਗ੍ਰਾਮ ਦੀ ਮੰਚ ਸਾਂਭ 11ਵੀਂ-12ਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਸੋਹਣੇ ਤੇ ਪ੍ਰਭਾਵਸ਼ਾਲੀ ਸ਼ਬਦਾਂ ਨਾਲ ਕੀਤੀ। ਚੈਰਿਸ਼ ਢੀਂਗਰਾ, ਜਪਨੀਤ ਅਤੇ ਜਪਜੀ ਨੇ ਸਕੂਲ ਦੀਆਂ ਪ੍ਰਾਪਤੀਆਂ ਦੀ ਵਿਸਥਾਰ ਰਿਪੋਰਟ ਪੇਸ਼ ਕੀਤੀ, ਜਦਕਿ ਰਾਜਨੰਦਨੀ ਨੇ ਸਾਰੇ ਮਹਿਮਾਨਾਂ ਤੇ ਦਰਸ਼ਕਾਂ ਦਾ ਧੰਨਵਾਦ ਕੀਤਾ। "ਮੈਂ ਹਾਂ ਪੰਜਾਬ" ਦੀ ਮੁੱਖ ਥੀਮ ਹੇਠ ਪੰਜਾਬ ਦੀ ਹਜ਼ਾਰਾਂ ਸਾਲ ਪੁਰਾਣੀ ਸਭਿਆਚਾਰਿਕ ਵਿਰਾਸਤ ਅਤੇ ਇਤਿਹਾਸ ਨੂੰ ਬਹੁਤ ਹੀ ਜੀਵੰਤ ਤਰੀਕੇ ਨਾਲ ਦਰਸਾਇਆ ਗਿਆ। ਸਪਤ ਸਿੰਧੂ ਦੀ ਸਭਿਆਚਾਰ, ਵੇਦਿਕ ਯੁੱਗ, ਰਾਮਾਇਣ—ਮਹਾਭਾਰਤ ਦਾ ਪੰਜਾਬ ਨਾਲ ਸਬੰਧ, ਮਹਾਰਾਜਾ ਰਣਜੀਤ ਸਿੰਘ ਦੀ ਸ਼ੌਰਯ ਗਾਥਾ, ਗੁਰੂ ਨਾਨਕ ਦੇਵ ਜੀ ਦੇ ਉਪਦੇਸ਼, ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਬਲਿਦਾਨ, ਆਜ਼ਾਦੀ ਸੰਘਰਸ਼ 'ਚ ਪੰਜਾਬ ਦਾ ਯੋਗਦਾਨ, 1947 ਦਾ ਵੰਡ, 1984 ਦੀ ਪੀੜ ਅਤੇ ਹਾਲੀਆ ਕੁਦਰਤੀ ਆਫਤਾਂ—ਇਹ ਸਭ ਪੰਜਾਬ ਦੇ ਅਟੱਲ ਹੌਸਲੇ ਅਤੇ ਦ੍ਰਿੜਤਾ ਦੀ ਰੂਹਾਨੀ ਤਸਵੀਰ ਵਾਂਗ ਦਰਸਾਏ ਗਏ। ਸਕੂਲ ਕੈਂਪਸ ਨੂੰ ਵੀ ਪੂਰੀ ਥੀਮ ਦੇ ਅਨੁਸਾਰ ਸਜਾਇਆ ਗਿਆ। ਦਾਖ਼ਲੇ ਤੋਂ ਲੈ ਕੇ ਮੰਚ ਤੱਕ ਹਰ ਥਾਂ ਪੰਜਾਬੀ ਸਭਿਆਚਾਰ ਦੀ ਸੋਹਣੀ ਝਲਕ ਦਿਖਾਈ ਦਿੱਤੀ। ਪ੍ਰਿੰਸਿਪਲ ਸਮੇਤ ਸਾਰੇ ਅਧਿਆਪਕ "ਮੈਂ ਹਾਂ ਪੰਜਾਬ" ਦੇ ਬੈਜ ਲਗਾਏ ਹੋਏ ਸਨ, ਜਿਸ ਨਾਲ ਪੂਰਾ ਮਾਹੌਲ ਪੰਜਾਬੀਅਤ ਨਾਲ ਭਰਿਆ ਹੋਇਆ ਸੀ। ਥੀਮ ਅਧਾਰਤ ਸੈਲਫੀ ਕਾਰਨਰ ਵੀ ਦਰਸ਼ਕਾਂ ਲਈ ਖਾਸ ਆਕਰਸ਼ਣ ਬਣੇ ਰਹੇ। ਇਸ ਪੂਰੇ ਪ੍ਰੋਗ੍ਰਾਮ ਦੀ ਸਕ੍ਰਿਪਟ ਡੂੰਘੇ ਇਤਿਹਾਸਕ ਖੋਜ ਕਾਰਜ 'ਤੇ ਆਧਾਰਿਤ ਸੀ, ਜਿਸ ਵਿੱਚ ਸ੍ਰੀਮਤੀ ਅੰਜੂ ਚੋਪੜਾ, ਸ੍ਰੀਮਤੀ ਤਜਿੰਦਰ ਕੌਰ, ਸ੍ਰੀ ਗਗਨਦੀਪ ਸ਼ਰਮਾ, ਉਪ ਪ੍ਰਿੰਸਿਪਲ ਸ੍ਰੀਮਤੀ ਮਮਤਾ ਠੱਕਰ ਅਤੇ ਗਤੀਵਿਧੀ ਅਧਿਕਾਰੀ ਸ੍ਰੀਮਤੀ ਸ਼ਬਦੀਪ ਕੌਰ ਦਾ ਮਹੱਤਵਪੂਰਨ ਯੋਗਦਾਨ ਰਿਹਾ। ਪ੍ਰੀ—ਨਰਸਰੀ ਤੋਂ ਨੌਵੀਂ ਕਲਾਸ ਤੱਕ ਸਾਰੇ ਬੱਚਿਆਂ ਨੇ 100 ਫੀਸਦੀ ਭਾਗੀਦਾਰੀ ਨਿਭਾਈ। ਵਿਦਿਆਰਥੀਆਂ ਨੇ ਬਟਰਫ਼ਲਾਈ ਡਾਂਸ, ਬਲੂਨ ਡਾਂਸ, ਭੰਗੜਾ, ਝੂਮਰ, ਰਾਮਾਇਣ, ਮਹਾਭਾਰਤ, ਅਸ਼ੋਕ, ਚਾਣਕਯ, ਮਹਾਰਾਜਾ ਰਣਜੀਤ ਸਿੰਘ ਆਦਿ ਰੂਬਰੂ ਪੇਸ਼ਕਾਰੀਆਂ ਨਾਲ ਪੂਰੇ ਮੰਚ ਨੂੰ ਜੀਵੰਤ ਕਰ ਦਿੱਤਾ, ਜਿਸ ਨਾਲ ਸਮੂਹ ਹਾਲ ਤਾਲੀਆਂ ਨਾਲ ਗੂੰਜ ਉਠਿਆ। ਕਹਾਣੀਕਾਰਾਂ ਨੇ ਹਰ ਪ੍ਰਸਤੁਤੀ ਨੂੰ ਪੰਜਾਬ ਨਾਲ ਬੜੀ ਖੂਬਸੂਰਤੀ ਨਾਲ ਜੋੜ ਕੇ ਪੇਸ਼ ਕੀਤਾ, ਜਿਸ ਨਾਲ ਪੂਰਾ ਪ੍ਰੋਗ੍ਰਾਮ ਇੱਕ ਜੀਵੰਤ ਫ਼ਿਲਮ ਵਾਂਗ ਲੱਗ ਰਿਹਾ ਸੀ। ਸਾਰੇ ਪ੍ਰੋਗ੍ਰਾਮ ਦੀ ਵੱਡੀ ਸਫਲਤਾ ਦਾ ਸ਼੍ਰੇਯ ਸਕੂਲ ਦੀ ਪ੍ਰਿੰਸਿਪਲ ਡਾ: ਲਤਾ ਤੇਜਪਾਲ ਨੂੰ ਜਾਂਦਾ ਹੈ। ਉਹਨਾਂ ਦੀ ਅਗਵਾਈ, ਸੋਝੀ, ਪ੍ਰੇਰਣਾ ਅਤੇ ਟੀਮ ਵਰਕ ਨੇ ਇਸ ਸੱਭਿਆਚਾਰਕ ਸ਼ਾਮ ਨੂੰ ਇਤਿਹਾਸਕ ਪ੍ਰਾਪਤੀ ਬਣਾ ਦਿੱਤਾ। ਉਹਨਾਂ ਨੇ ਸੰਚਾਲਕਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ "ਮੈਂ ਹਾਂ ਪੰਜਾਬ" ਕੋਈ ਸਿਰਫ਼ ਸੱਭਿਆਚਾਰਕ ਪ੍ਰਸਤੁਤੀ ਨਹੀਂ, ਸਗੋਂ ਆਪਣੀਆਂ ਜੜ੍ਹਾਂ, ਧਰੋਹਰ ਅਤੇ ਸੰਸਕ੍ਰਿਤੀ ਨਾਲ ਜੁੜਨ ਦਾ ਸੰਕਲਪ ਹੈ। ਇਹ ਰਾਤ ਹਰ ਇੱਕ ਦੇ ਮਨ 'ਚ ਗਹਿਰੀ ਛਾਪ ਛੱਡ ਗਈ।



## 'ਕੁੰਡੀਆਂ ਦੇ ਸਿੰਗ ਫਸਗੇ, ਕੋਈ ਨਿੱਤਰੂ ਵੜੇਵੇਂ ਖਾਣੀ' ਧੰਦੀਵਾਲ ਜ਼ੋਨ ਤੋਂ ਆਪ ਅਤੇ ਕਾਂਗਰਸ ਦੇ ਉਮੀਦਵਾਰਾਂ ਚ ਫਸਮੀ ਟੱਕਰ, ਪਾਲੀ ਦਾ ਹੱਥ ਉਪਰ

**ਧੂਰੀ ( ਰਣਜੀਤ ਸਿੰਘ ਪੇਧਨੀ )**-ਪੰਜਾਬ ਵਿੱਚ 14 ਦਸੰਬਰ ਨੂੰ ਜਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਹੋਣ ਜਾ ਰਹੀਆਂ ਹਨ। ਇਸੇ ਹੀ ਤਹਿਤ ਧੂਰੀ ਹਲਕੇ ਵਿੱਚ ਪੈਂਦੇ ਜੋਨ ਧੰਦੀਵਾਲ ਤੋਂ ਆਪ ਦੇ ਉਮੀਦਵਾਰ ਗੁਰਜੀਤ ਸਿੰਘ ਕਿਲਾ ਹਕੀਮਾਂ ਅਤੇ ਪਿੰਡ ਧੰਦੀਵਾਲ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਪ੍ਰਿਤਪਾਲ ਸਿੰਘ ਪਾਲੀ ਵਿੱਚ ਪੂਰੀ ਫਸਮੀ ਟੱਕਰ ਦੇਖਣ ਨੂੰ ਮਿਲ ਰਹੀ ਹੈ। ਦੋਵੇ ਪਾਰਟੀਆਂ ਆਪਣੀ ਆਪਣੀ ਜਿੱਤ ਦਾ ਦਾਅਵਾ ਕਰ ਰਹੀਆਂ ਹਨ। ਇਕ ਪਾਸੇ ਪੰਜਾਬ ਸਰਕਾਰ ਅਤੇ ਦੂਜੇ ਪਾਸੇ ਸਾਬਕਾ ਵਿਧਾਇਕ ਦਲਬੀਰ ਸਿੰਘ ਗੋਲਡੀ ਖੰਗੂੜਾ ਦਾ ਜੋਰ ਲੱਗਿਆਂ ਹੋਇਆ ਹੈ। ਜਿਕਰਯੋਗ ਹੈ ਕਿ ਸ੍ਰੋਮਣੀ ਅਕਾਲੀ ਦਲ ਬਾਦਲ, ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦਾ ਵੀ ਇਨ੍ਹਾਂ ਪਿੰਡਾਂ ਵਿੱਚ ਕਾਫੀ ਅਸਰਸੂਖ ਹੈ ਹੁਣ ਦੇਖਣਾ ਹੋਵੇਗਾ ਕਿ ਇਨ੍ਹਾਂ ਪਾਰਟੀਆਂ ਨੇ ਆਪਣੇ ਉਮੀਦਵਾਰ ਚੋਣ ਮੈਦਾਨ ਵਿੱਚ ਨਹੀਂ ਉਤਾਰੇ ਉਨ੍ਹਾਂ ਦੀ ਵੋਟ ਕਿਸ ਉਮੀਦਵਾਰ ਦੇ ਹੱਕ ਵਿੱਚ ਭੁਗਤਦੀ ਹੈ ਇਹ ਤਾ ਆਉਣ ਵਾਲਾ ਸਮਾਂ ਹੀ ਦੱਸੇਗਾ । ਪਰ ਧੰਦੀਵਾਲ ਪਿੰਡ ਤੋਂ ਪ੍ਰਿਤਪਾਲ ਸਿੰਘ ਦਾ ਕਿਲਾ,ਹਕੀਮਾਂ, ਧੰਦੀਵਾਲ ਅਤੇ ਸੁਲਤਾਨਪੁਰ ਚ ਚੰਗੀ ਪੁਜੀਸ਼ਨ ਕਰਕੇ ਪਾਲੀ ਦਾ ਹੱਥ ਉਪਰ ਲੱਗ ਰਿਹਾ ਹੈ। ਬਾਕੀ 14 ਨੂੰ ਪਤਾ ਚੱਲੇਗਾ ਕਿ ਕਿਸ ਦੀ ਝੋਲੀ ਵਿਚ ਕਿਨੇ ਦਾਣੇ ਹਨ। ਇਸ ਲਈ ਧੰਦੀਵਾਲ ਜੋਨ ਵਿੱਚ "ਕੁੰਢੀਆਂ ਦੇ ਸਿੰਗ ਫਸਗੇ , ਕੋਈ ਨਿਤਰੂ ਵੜੇਵੇ ਖਾਣੀ।



## ਜ਼ਿਲ੍ਹਾ ਪ੍ਰੀਸ਼ਦ/ਬਲਾਕ ਸੰਮਤੀ ਚੋਣਾਂ : ਜਿਲ੍ਹਾ ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਨੇ ਭਾਜਪਾ ਉਮੀਦਵਾਰਾਂ ਲਈ ਕੀਤਾ ਚੋਣ ਪ੍ਰਚਾਰ



**ਤਲਵੰਡੀ ਸਾਬੋ, 10 ਦਸੰਬਰ (ਗੁਰਜੰਟ ਸਿੰਘ ਨਥੇਹਾ)**-ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਪਹਿਲੀ ਵਾਰ ਹੱਥ ਅਜ਼ਮਾ ਰਹੀ ਭਾਰਤੀ ਜਨਤਾ ਪਾਰਟੀ ਦੇ ਹਲਕਾ ਤਲਵੰਡੀ ਸਾਬੋ ਦੇ ਕਈ ਜ਼ੋਨਾਂ ਤੋਂ ਚੋਣ ਲੜ ਰਹੇ ਉਮੀਦਵਾਰਾਂ ਦੇ ਹੱਕ 'ਚ ਭਾਜਪਾ ਦੇ ਜਿਲ੍ਹਾ ਬਠਿੰਡਾ (ਦਿਹਾਤੀ) ਪ੍ਰਧਾਨ ਗੁਰਪ੍ਰੀਤ ਸਿੰਘ ਮਲੂਕਾ ਸਾਬਕਾ ਚੇਅਰਮੈਨ ਜਿਲ੍ਹਾ ਪ੍ਰੀਸ਼ਦ ਦੀ ਅਗਵਾਈ ਹੇਠ ਭਾਜਪਾ ਆਗੂਆਂ ਵੱਲੋਂ ਧੂੰਆਂਧਾਰ ਚੋਣ ਪ੍ਰਚਾਰ ਕੀਤਾ ਗਿਆ। ਮਲੂਕਾ ਦੇ ਪ੍ਰੈੱਸ ਸਕੱਤਰ ਰਤਨ ਸ਼ਰਮਾਂ ਮਲੂਕਾ ਵੱਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਿਕ ਬਲਾਕ ਸੰਮਤੀ ਉਮੀਦਵਾਰਾਂ ਕੁਲਵਿੰਦਰ ਕੌਰ ਸੀਂਗੋ, ਅਮਰਪਾਲ ਕੌਰ ਨੰਗਲਾ, ਸਰਬਜੀਤ ਕੌਰ ਬਹਿਮਣ ਜੱਸਾ ਸਿੰਘ ਅਤੇ ਕਰਮਜੀਤ ਕੌਰ ਸ਼ੇਰਗੜ੍ਹ ਦੇ ਹੱਕ 'ਚ ਗੁਰਪ੍ਰੀਤ ਸਿੰਘ ਮਲੂਕਾ ਵੱਲੋਂ ਚੋਣ ਜਨ ਸਭਾਵਾਂ ਕੀਤੀਆਂ ਗਈਆਂ। ਭਾਜਪਾ ਉਮੀਦਵਾਰਾਂ ਨੂੰ ਵੱਧ ਤੋਂ ਵੱਧ ਵੋਟਾਂ ਪਾਉਣ ਦੀ ਅਪੀਲ ਕਰਦਿਆਂ ਮਲੂਕਾ ਨੇ ਕਿਹਾ ਕੇ ਸੂਬਾ ਸਰਕਾਰ ਨੇ ਪਿੰਡਾਂ ਦੇ ਵਿਕਾਸ ਲਈ ਕੋਈ ਗਰਾਂਟ ਜਾਰੀ ਨਹੀਂ ਕੀਤੀ ਕਿਉਂਕਿ ਪਿੰਡਾਂ 'ਚ ਮੁਢਲੀਆਂ ਸਹੂਲਤਾਂ ਦੇਣਾ ਪੰਜਾਬ ਸਰਕਾਰ ਦੇ ਏਜੰਡੇ 'ਚ ਹੀ ਨਹੀਂ ਹੈ ਬਲਕਿ ਪੇਂਡੂ ਖੇਤਰਾਂ 'ਚ ਜੋ ਕੰਮ ਹੋ ਰਹੇ ਹਨ ਉਹ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਅਧੀਨ ਹੋ ਰਹੇ ਹਨ ਉਨਾਂ ਦਾਅਵਾ ਕੀਤਾ ਕਿ ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ 'ਚ ਭਾਜਪਾ ਦੇ ਉਮੀਦਵਾਰ ਜਿਤਾਉਣ ਨਾਲ ਪਿੰਡਾਂ ਚ ਵਿਕਾਸ ਦੇ ਨਵੇਂ ਰਾਹ ਖੁਲਣਗੇ। ਇਸ ਤੋਂ ਇਲਾਵਾ ਲੋੜਵੰਦ ਲੋਕਾਂ ਲਈ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਕੇਂਦਰ ਸਰਕਾਰ ਨੇ ਲੋਕ ਭਲਾਈ ਦੀਆਂ ਅਨੇਕਾਂ ਸਕੀਮਾਂ ਆਰੰਭ ਕੀਤੀਆਂ ਹਨ ਪਰ ਸੂਬਾ ਸਰਕਾਰ ਕੇਂਦਰੀ ਯੋਜਨਾਵਾਂ ਲਾਗੂ ਕਰਨ 'ਚ ਕੋਈ ਬਹੁਤੀ ਦਿਲਚਸਪੀ ਨਹੀਂ ਰੱਖਦੀ, ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ, 'ਚ ਭਾਜਪਾ ਆਗੂਆਂ ਦੀ ਹਿੱਸੇਦਾਰੀ ਨਾਲ ਕੇਂਦਰੀ ਲੋਕ ਭਲਾਈ ਦੀਆਂ ਯੋਜਨਾਵਾਂ ਲੋੜਵੰਦ ਲੋਕਾਂ ਨੂੰ ਯਕੀਨੀ ਮਿਲਣਗੀਆਂ। ਮਲੂਕਾ ਨੇ ਕਿਹਾ ਕਿ ਜਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ ਭਾਜਪਾ ਦੇ ਹੱਕ 'ਚ ਆਉਣਗੇ ਕਿਉਂਕਿ ਪੰਜਾਬ ਦੇ ਲੋਕ ਸਾਰੀਆਂ ਸਿਆਸੀ ਧਿਰਾਂ ਨੂੰ ਅਜ਼ਮਾ ਚੁੱਕੇ ਹਨ ਅਤੇ ਹੁਣ ਭਾਜਪਾ ਨੂੰ ਮੌਕਾ ਦੇਣ ਦਾ ਮਨ ਬਣਾਈ ਬੈਠੇ ਹਨ ਉਨਾਂ ਕਿਹਾ ਕਿ ਦੂਜੇ ਭਾਜਪਾ ਸਾਸ਼ਿਤ ਸੂਬਿਆਂ ਦੀ ਤਰੱਕੀ ਨੂੰ ਵੇਖਦਿਆਂ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਲਈ ਡਬਲ ਇੰਜਨ ਦੀ ਸਰਕਾਰ ਹੀ ਇੱਕੋ ਇੱਕ ਵਿਕਲਪ ਹੈ। ਇਸ ਮੌਕੇ ਉਨਾਂ ਨਾਲ ਮੰਡਲ ਪ੍ਰਧਾਨ ਕਰਮਜੀਤ ਸਿੰਘ ਬੰਗੀ, ਨਛੱਤਰ ਸਿੰਘ ਬਹਿਮਣ ਜੱਸਾ, ਹਰਜੀਤ ਕੌਰ ਜਗਾ ਰਾਮ ਤੀਰਥ, ਤਾਰਾ ਸਿੰਘ ਨੰਗਲਾ, ਸੁਖਮੰਦਰ ਕੌਰ ਸ਼ੇਰਗੜ, ਬੂਟਾ ਸਿੰਘ ਭਾਈਰੂਪਾ ਤੋਂ ਇਲਾਵਾ ਵੱਡੀ ਗਿਣਤੀ ਚ ਭਾਜਪਾ ਵਰਕਰ ਮੌਜੂਦ ਸਨ।

## ਸਿੱਖ ਵਕੀਲ ਨੂੰ ਕ੍ਰਿਪਾਨ ਪਾਈ ਹੋਣ ਕਰਕੇ ਬੰਦੀ ਸਿੰਘਾਂ ਨਾਲ ਮੁਲਾਕਾਤ ਰੋਕਣੀ ਨਿੰਦਾਜਨਕ: ਸਰਨਾ



ਨਵੀਂ ਦਿੱਲੀ 10 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):- ਬੰਦੀ ਸਿੰਘਾਂ ਦੀ ਮੁਲਾਕਾਤ ਕਰਣ ਵਾਲੇ ਪੰਥਕ ਵਕੀਲ ਭਾਈ ਜਸਪਾਲ ਸਿੰਘ ਮੰਝਪੁਰ ਨੂੰ ਕ੍ਰਿਪਾਨ ਕਰਕੇ ਤਿਹਾੜ ਜੇਲ੍ਹ ਅੰਦਰ ਬੰਦ ਭਾਈ ਹਰਦੀਪ ਸਿੰਘ ਸ਼ੇਰਾ ਨਾਲ ਮੁਲਾਕਾਤ ਨਾ ਕਰਣ ਦੇਣ ਨਾਲ ਇਕ ਵਾਰ ਮੁੜ ਸਾਬਿਤ ਹੋ ਗਿਆ ਹੈ ਕਿ ਦੇਸ਼ ਅੰਦਰ ਸਿੱਖਾਂ ਨਾਲ ਵਿਤਕਰੇ ਜਾਰੀ ਹਨ ਤੇ ਇਸ ਦੀ ਜਿਤਨੀ ਨਿਖੇਧੀ ਕੀਤੀ ਜਾਏ ਓਹ ਘੱਟ ਹੈ । ਸ਼੍ਰੋਮਣੀ ਅਕਾਲੀ ਦਲ ਦਿੱਲੀ ਇਕਾਈ ਦੇ ਮੁੱਖੀ ਸਰਦਾਰ ਪਰਮਜੀਤ ਸਿੰਘ ਨੇ ਕਿਹਾ ਕਿ ਵਕੀਲ ਨਾਲ ਹੋਏ ਵਿਤਕਰੇ ਨੇ ਸਾਬਿਤ ਕਰ ਦਿੱਤਾ ਕਿ ਦਿੱਲੀ ਸਰਕਾਰ ਦੇ ਸਮੂਹ ਦਾਹਵੇ ਖੋਖਲੇ ਹਨ ਜੋ ਓਹ ਕਹਿੰਦੇ ਹਨ ਕਿ ਅਸੀਂ ਸਿੱਖਾਂ ਦੀ ਹਰ ਗੱਲ ਮੰਨਦੇ ਹਾਂ । ਸਰਦਾਰ ਸਰਨਾ ਨੇ ਕਿਹਾ ਕਿ ਸਰਕਾਰ ਨੂੰ ਤੁਰੰਤ ਇਸ ਅਧਿਕਾਰੀ ਦੀ ਬਦਲੀ ਕਰਕੇ ਦੂਸਰਾ ਅਧਿਕਾਰੀ ਲਗਾਣਾ ਚਾਹੀਦਾ ਹੈ ਜਿਸ ਨੂੰ ਸਿੱਖ ਮਰਿਆਦਾ ਦੀ ਜਾਣਕਾਰੀ ਹੋਵੇ।

### ਹਠੂਰ ਵਿੱਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਅਤੇ

# ਐੱਮ ਐੱਲ ਏ ਬੀਬੀ ਸਰਵਜੀਤ ਕੌਰ ਮਾਣੂੰਕੇ ਤੋਂ ਦੀ ਕੀਤੀ ਫੁੱਲਾਂ ਦੀ ਵਰਖਾ





ਜਗਰਾਉਂ -(ਵਰਿਆਮ ਹਠੂਰ) ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਅਤੇ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਵੱਲੋਂ ਮਾਣੂੰਕੇ ਜੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਬਲਾਕ ਸੰਮਤੀ ਦੇ ਹਠੂਰ ਅਤੇ ਬੁਰਜ ਕਲਾਰਾ ਤੋਂ ਚੋਣ ਲੜ ਰਹੇ ਉਮੀਦਵਾਰ ਪਰਮਿੰਦਰ ਸਿੰਘ ਹਠੂਰ ਦੇ ਹੱਕ ਵਿੱਚ ਅੱਜ ਚੋਣ ਪ੍ਰਚਾਰ ਇਤਿਹਾਸਕ ਕਸਬਾ ਹਠੂਰ ਵਿਖੇ ਕੀਤਾ ਗਿਆ, ਉਮੀਦਵਾਰਾਂ ਨੂੰ ਉਸ ਸਮੇਂ ਵੱਡਾ ਬਲ ਮਿਲਿਆ ਜਦੋਂ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਆਪਣੇ ਗ੍ਰਹਿ ਵਿਖੇ ਵੱਡਾ ਠਾਠਾਂ ਮਾਰਦਾ ਇਕੱਠ ਕੀਤਾ, ਸਭ ਤੋਂ ਪਹਿਲਾਂ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਅਤੇ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਨੇ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਬਲਾਕ ਸੰਮਤੀ ਦੇ ਉਮੀਦਵਾਰ ਪਰਮਿੰਦਰ ਸਿੰਘ ਹਠੂਰ, ਐੱਮ ਐੱਲ ਏ ਬੀਬੀ ਸਰਵਜੀਤ ਕੌਰ ਮਾਣੂੰਕੇ ਸਮੇਤ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਦਾ ਜਿੱਥੇ ਹਾਰ ਪਾ ਕੇ ਸਵਾਗਤ ਕੀਤਾ ਉੱਥੇ ਘਰ ਵਿੱਚ ਐਂਟਰੀ ਗੇਟ ਤੇ ਭਰਵੇਂ ਇਕੱਠ ਨੇ ਫੁੱਲਾਂ ਦੀ ਵਰਖਾ ਕੀਤੀ ਤੇ ਸਾਰਿਆਂ ਨੂੰ ਜੀ ਆਇਆਂ ਆਖਿਆ, ਇਸ ਮੌਕੇ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਗੱਲਬਾਤ ਕਰਦਿਆਂ ਕਿਹਾ ਕਿ ਮਾਣੂੰਕੇ ਜੋਨ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਉਮੀਦਵਾਰ ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਹਠੂਰ ਬੁਰਜ ਕਲਾਰਾ ਤੋਂ ਬਲਾਕ ਸੰਮਤੀ ਦੇ ਉਮੀਦਵਾਰ ਪਰਮਿੰਦਰ ਸਿੰਘ ਹਠੂਰ ਦੋਵੇਂ ਉਮੀਦਵਾਰ ਸੂਝਵਾਨ ਤੇ ਪੜ੍ਹੇ ਲਿਖੇ ਹਨ। ਤੇ ਵੋਟਰਾਂ ਵੱਲੋਂ ਇੰਨਾਂ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਅੱਜ ਠਾਠਾਂ ਮਾਰਦੇ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਉਮੀਦਵਾਰ ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਉਮੀਦਵਾਰ ਪਰਮਿੰਦਰ ਸਿੰਘ ਹਠੂਰ ਹੂੰਝਾ ਫੇਰ ਜਿੱਤ ਹਾਸਲ ਕਰਨਗੇ, ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ ਨੇ ਇਕੱਤਰ ਹੋਏ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਪਰਮਿੰਦਰ ਸਿੰਘ ਹਠੂਰ ਨੂੰ ਵੱਡੀ ਲੀਡ ਨਾਲ ਜਿਤਾਉਣ ਤਾਂ ਜੋ ਉਮੀਦਵਾਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਸਮਝਦੇ ਹੋਏ ਵਧੀਆ ਢੰਗ ਨਾਲ ਕੰਮ ਕਰਨ ਤੇ ਸਾਨੂੰ ਪੂਰੀਆਂ ਉਮੀਦਾਂ ਹਨ। ਕਿ ਸੂਝਵਾਨ ਵੋਟਰ ਆਪਣੀ ਵੋਟ ਦਾ ਸਹੀ ਇਸਤੇਮਾਲ ਕਰਕੇ ਉਮੀਦਵਾਰਾਂ ਅਤੇ ਪਾਰਟੀ ਨੂੰ ਵੱਡਾ ਬਲ ਦੇਣਗੇ, ਅੰਤ ਵਿੱਚ ਉਨ੍ਹਾਂ ਬੀਬੀ ਸਰਵਜੀਤ ਕੌਰ ਮਾਣੂੰਕੇ ਨੂੰ ਭਰੋਸਾ ਦਿਵਾਇਆ ਕਿ ਉਹ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣ ਲਈ ਪੂਰਾ ਜ਼ੋਰ ਲਾਉਣਗੇ, ਇਸ ਮੌਕੇ ਬੋਲਦਿਆਂ ਹਲਕਾ ਵਿਧਾਇਕਾ ਬੀਬੀ ਸਰਵਜੀਤ ਕੌਰ ਮਾਣੂੰਕੇ ਨੇ ਕਿਹਾ ਕਿ ਅੱਜ ਦਵਿੰਦਰ ਸਿੰਘ ਬੱਬੀ ਗਰੇਵਾਲ ਦੇ ਗ੍ਰਹਿ ਵਿਖੇ ਸਤਿਕਾਰਯੋਗ ਸ਼ਖ਼ਸੀਅਤਾਂ ਦੇ ਵੱਡੇ ਇਕੱਠ ਨੇ ਉਮੀਦਵਾਰਾਂ ਦੇ ਹੌਂਸਲੇ ਨੂੰ ਬੁਲੰਦ ਕੀਤਾ ਹੈ। ਬੀਬੀ ਸ਼ਹਿਰੀਨ ਕੌਰ ਖਾਲਸਾ ਅਤੇ ਉਨ੍ਹਾਂ ਦੇ ਪਤੀ ਕਥਾਵਾਚਕ ਭਾਈ ਗੁਰਜੰਟ ਸਿੰਘ ਖਾਲਸਾ ਦਾ ਪਰਿਵਾਰ ਸਿੱਖੀ ਸਰੂਪ ਵਿੱਚ ਹੈ। ਤੇ ਵੋਟਰਾਂ ਨੂੰ ਉਨ੍ਹਾਂ ਤੇ ਅਤੇ ਪਾਰਟੀ ਤੇ ਪੂਰਨ ਵਿਸ਼ਵਾਸ ਹੈ। ਤੇ ਨਾਲ ਨਾਲ ਬਲਾਕ ਸੰਮਤੀ ਦੇ ਉਮੀਦਵਾਰ ਯੂਥ ਆਗੂ ਪ੍ਰਮਿੰਦਰ ਸਿੰਘ ਹਠੂਰ ਜੋ ਪਾਰਟੀ ਲਈ ਲੰਬੇ ਸਮੇਂ ਤੋਂ ਸੇਵਾਵਾਂ ਨਿਭਾ ਰਿਹਾ ਹੈ। ਵੋਟਰਾਂ ਨੂੰ ਅਪੀਲ ਹੈ ਕਿ ਉਹ ਸਮੇਂ ਦੀ ਨਬਜ਼ ਨੂੰ ਪਛਾਣਦੇ ਹੋਏ ਯੂਥ ਨੂੰ ਅੱਗੇ ਲੈ ਕੇ ਆਉਣ, ਤੇ ਦੋਵੇਂ ਉਮੀਦਵਾਰਾਂ ਨੂੰ ਵੱਡੀ ਲੀਡ ਨਾਲ ਜਿਤਾਉਣ, ਮੈਂ ਵਾਅਦਾ ਕਰਦੀ ਹਾਂ ਕਿ ਕਿਸੇ ਵੀ ਕਿਸਮ ਦੀ ਕਮੀਂ ਨਹੀਂ ਆਉਣ ਦੇਵਾਂਗੀ, ਤੇ ਤੁਸੀਂ ਆਪਣਾ ਫਰਜ਼ ਨਿਭਾਓ, ਤੁਹਾਡਾ ਪਿੰਡ ਗੱਫੇ ਲੈਣ ਵਾਲਾ ਬਣੇ, ਸਾਡੇ ਵੱਲੋਂ ਕੋਈ ਕਮੀਂ ਨਹੀਂ ਇਸ ਮੌਕੇ ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ, ਆੜ੍ਹਤੀਆ ਅਤੇ ਪੰਚ ਜਗਦੇਵ ਸਿੰਘ ਬੱਬੂ ਗਰੇਵਾਲ, ਸਰਪੰਚ ਹਰਪ੍ਰੀਤ ਸਿੰਘ ਹੈਪੀ ਮਾਣੂੰਕੇ, ਬਲਾਕ ਪ੍ਰਧਾਨ ਤਰਸੇਮ ਸਿੰਘ ਹਠੂਰ, ਪੰਚ ਸੁਖਵਿੰਦਰ ਕੌਰ, ਪੰਚ ਨਿਰਮਲ ਕੌਰ, ਪੰਚ ਗੁਰਮੀਤ ਕੌਰ, ਪੰਚ ਜਗਦੀਪ ਸਿੰਘ ਦੀਪ, ਦੇਸਰਾਜ ਸਿੰਘ ਖਾਲਸਾ, ਪ੍ਰਧਾਨ ਕੁਲਵੰਤ ਸਿੰਘ ਹਠੂਰ, ਬਿੱਟਾ, ਚੌਧਰੀ ਚਰਨਜੀਤ ਸਿੰਘ, ਮਾਸਟਰ ਸੰਤੋਖ ਸਿੰਘ, ਜਥੇਦਾਰ ਹਰਪ੍ਰੀਤ ਸਿੰਘ ਖਾਲਸਾ, ਰਿੰਪੀ ਗਰੇਵਾਲ, ਪਰਮਜੀਤ ਸਿੰਘ ਬੇਦੀ, ਮਨੀ ਬੇਦੀ, ਬਿੱਟੂ ਗਰੇਵਾਲ, ਬੱਬੂ ਹਠੂਰ, ਮਿਸਤਰੀ ਅਮਰ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਵੋਟਰ ਅਤੇ ਸਪੋਟਰ ਹਾਜ਼ਰ ਸਨ।

**ਉਮੀਦਵਾਰ ਸ਼ਹਿਰੀਨ ਕੌਰ ਖਾਲਸਾ ਅਤੇ ਪਰਮਿੰਦਰ ਸਿੰਘ ਹਠੂਰ ਹੂੰਝਾ ਫੇਰ ਜਿੱਤ ਹਾਸਲ ਕਰਨਗੇ : ਸਮਾਜ ਸੇਵੀ ਦਵਿੰਦਰ ਸਿੰਘ ਬੱਬੀ ਗਰੇਵਾਲ**

# ਜੱਥੇਦਾਰ ਗੁਰਨੇਕ ਸਿੰਘ ਨਿੱਝਰ ਦਾ ਅੰਤਿਮ ਸਸਕਾਰ ਖਾਲਿਸਤਾਨੀ ਝੰਡਿਆਂ ਅਤੇ ਨਾਹਰਿਆਂ ਦੀ ਗੂੰਜ ਹੇਠ ਹੋਇਆ



**ਨਵੀਂ ਦਿੱਲੀ, 10 ਦਸੰਬਰ (ਮਨਪ੍ਰੀਤ ਸਿੰਘ ਖਾਲਸਾ):-** ਨਿਊਜੀਲੈਂਡ ਵਿਖ਼ੇ ਜੱਥੇਦਾਰ ਗੁਰਨੇਕ ਸਿੰਘ ਨਿੱਜਰ ਦਾ ਅੰਤਿਮ ਸਸਕਾਰ ਬੜੇ ਸਤਿਕਾਰ ਅਤੇ ਕੌਮੀ ਰਵਾਇਤਾਂ ਅਨੁਸਾਰ ਕੀਤਾ ਗਿਆ। ਉਨ੍ਹਾਂ ਦੇ ਸਰੀਰ ਨੂੰ ਖਾਲਿਸਤਾਨ ਦੇ ਝੰਡੇ ਨਾਲ ਢੱਕਿਆ ਗਿਆ ਅਤੇ ਘਰ ਤੋਂ ਫ਼ੂਨਰਲ ਹੋਮ ਤੱਕ ਵਿਦਾਇਗੀ ਖਾਲਿਸਤਾਨ ਦੇ ਨਾਅਰਿਆਂ ਅਤੇ ਜੈਕਾਰਿਆਂ ਨਾਲ ਹੁੰਦੀ ਰਹੀ । ਉਨ੍ਹਾਂ ਦੇ ਸਰੀਰ ਨੂੰ ਲਿਜਾਣ ਵਾਲੇ ਕਾਫਲੇ ਦੇ ਪਿੱਛੇ ਕਾਰ ਰੈਲੀ ਦੇ ਰੂਪ ਵਿੱਚ ਲੰਬਾ ਕਾਫਲਾ ਚੱਲ ਰਿਹਾ ਸੀ, ਜੋ ਉਨ੍ਹਾਂ ਦੀ ਕੌਮ ਪ੍ਰਤੀ ਸੇਵਾ ਅਤੇ ਬਹਾਦਰੀ ਦਾ ਪ੍ਰਤੀਕ ਸੀ। ਫ਼ੂਨਰਲ ਹੋਮ ਵਿੱਚ ਵੀ ਉਨ੍ਹਾਂ ਨੂੰ ਖਾਲਿਸਤਾਨੀ ਝੰਡਿਆਂ ਹੇਠ ਲਿਆਇਆ ਗਿਆ, ਜਿੱਥੇ ਪਰਿਵਾਰ ਅਤੇ ਸੰਗਤ ਨੇ ਉਨ੍ਹਾਂ ਦੀਆ ਯਾਦਾ ਸਾਂਝਿਆਂ ਕੀਤੀਆਂ। ਜੱਥੇਦਾਰ ਗੁਰਨੇਕ ਸਿੰਘ ਨਿੱਜਰ ਸਿੱਖ ਕੌਮ ਦੀ ਅਜ਼ਾਦੀ ਦੇ ਹਮਾਇਤੀ ਸਨ। ਉਹ ਹਰ ਖੇਡ ਮੇਲੇ, ਪਬਲਿਕ ਪ੍ਰੋਗਰਾਮ, ਕਾਰ ਰੈਲੀ ਅਤੇ ਪ੍ਰੋਟੈਸਟ ਵਿੱਚ ਖਾਲਿਸਤਾਨ ਦਾ ਝੰਡਾ ਲਹਿਰਾਉਂਦੇ ਹੌਸਲੇ ਨਾਲ ਸ਼ਾਮਲ ਹੁੰਦੇ ਸਨ। ਨਿਊਜ਼ੀਲੈਂਡ ਵਿੱਚ ਹੋਏ ਖਾਲਿਸਤਾਨ ਰਫਰੈਂਡਮ ਕਰਾਉਣ ਵਿੱਚ ਵੀ ਉਨ੍ਹਾਂ ਨੇ ਮਹੱਤਵਪੂਰਨ ਯੋਗਦਾਨ ਪਾਇਆ ਸੀ।

# ਸ੍ਰੀ ਗੁਰੂ ਰਾਮਦਾਸ ਸਾਹਿਬ ਸੇਵਾ ਸੁਸਾਇਟੀ ਵਡਾਲੀ ਡੋਗਰਾਂ ਵੱਲੋਂ 350ਸਾਲਾ ਸਹੀਦੀ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ 14 ਦਸੰਬਰ ਨੂੰ

## ਨਗਰ ਨਿਵਾਸੀ ਸੰਗਤਾਂ ਇਲਾਕੇ ਦੀਆਂ ਸੰਗਤਾਂ ਸਮਾਗਮ ਚ ਪਹੁੰਚ ਕਿ ਲਾਹੇ ਪ੍ਰਾਪਤ ਕਰੋ ਭਾਈ ਸਾਹਿਬ ਸਿੰਘ ਸੰਧੂ



**ਜੰਡਿਆਲਾ ਗੁਰੂ 10 ਦਸੰਬਰ ( ਕੁਲਵੰਤ ਸਿੰਘ ਵਿਰਦੀ )**-ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ,ਭਾਈ ਦਿਆਲਾ ਜੀ,ਭਾਈ ਸਤੀ ਦਾਸ ਜੀ ਤੇ ਭਾਈ ਮਤੀ ਦਾਸ ਜੀ ਦੇ 350 ਸਾਲਾ ਸ਼ਹੀਦੀ ਸਤਾਬਦੀ ਦਿਵਸ ਨੂੰ ਸਮਰਪਿਤ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ 350 ਸਾਲਾ ਗੁਰਿਆਈ ਦਿਵਸ ਨੂੰ ਸਮਰਪਿਤ ਸਰਬੱਤੇ ਦੇ ਭਲੇ ਲਈ ਗੁਰਮਤਿ ਸਮਾਗਮ 14 ਦਸੰਬਰ 2025 ਦਿਨ ਐਤਵਾਰ ਨੂੰ ਕਰਵਾਇਆ ਜਾ ਰਿਹਾ ਹੈ ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦਿਆ ਹੋਇਆ ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ (ਰਜਿ.) ਪਿੰਡ ਵਡਾਲੀ ਡੋਗਰਾਂ, ਬਲਾਕ ਜੰਡਿਆਲਾ ਗੁਰੂ (ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਮੁੱਖ ਸੇਵਾਦਾਰ ਭਾਈ ਸਾਹਿਬ ਸਿੰਘ ਸੰਧੂ ਨੇ ਅੱਗੇ ਦੱਸਿਆ ਕਿ ਸਮੂਹ ਨਗਰ ਨਿਵਾਸੀ ਇਲਾਕਾ ਨਿਵਾਸੀ ਅਤੇ ਦੇਸ ਵਿਦੇਸ ਵਿੱਚ ਵੱਸਦੀਆਂ ਸੰਗਤਾਂ ਦੇ ਸਹਿਯੋਗ ਨਾਲ ਇਨਾਂ ਪੁਰਬਾਂ ਨੂੰ ਸਮਰਪਿਤ 14 ਦਸੰਬਰ ਵਾਲੇ ਦਿਨ ਅੰਮ੍ਰਿਤ ਵੇਲੇ ਸੁਖਮਨੀ ਸਾਹਿਬ ਜੀ ਦੇ ਪਾਠ ਸੰਗਤੀ ਰੂਪ ਵਿੱਚ ਕੀਤੇ ਜਾਣਗੇ ! ਅਤੇ ਉਪਰੰਤ 14 ਦਸੰਬਰ 2025 ਦਿਨ ਐਤਵਾਰ ਨੂੰ ਦਿਨ ਦੇ ਦੀਵਾਨ ਸਵੇਰੇ 10:00 ਵਜੇ ਆਰੰਭ ਹੋਣਗੇ ਅਤੇ ਜਿਸ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਜਾਣਗੇ ਅਚੇ ਭੋਗ ਤੋਂ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ 11 ਤੋਂ 12 ਵਜੇ ਤੱਕ ਭਾਈ ਪ੍ਰਭਜੀਤ ਸਿੰਘ ਮਾਣੋਚਾਹਲ ਵਾਲਿਆਂ ਵੱਲੋਂ ਧੁਰ ਕੀ ਬਾਣੀ ਇਲਾਹੀ ਗੁਰਬਾਣੀ ਦੇ ਹਰਜੱਸ ਕੀਰਤਨ ਕੀਤੇ ਜਾਣਗੇ ਅਤੇ ਕੀਰਤਨ ਦੀ ਸਮਾਪਤੀ ਤੋਂ ਉਪਰੰਤ 12 ਤੋਂ 1 ਵਜੇ ਤੱਕ ਕਥਾਵਾਚਕ ਭਾਈ ਮੇਜ਼ਰ ਸਿੰਘ ਵਡਾਲੀ ਡੋਗਰਾਂ ਕਥਾ ਵੀਚਾਰਾਂ ਰਾਹੀਂ ਸੰਗਤਾਂ ਨਾਲ ਗੁਰ ਇਤਿਹਾਸ ਬਾਰੇ ਸਾਂਝ ਪਾਉਣਗੇ ਅਤੇ ਉਪਰੰਤ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਮਾਗਮ ਦੀ ਸਮਾਪਤੀ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਬੇਨਤੀ ਹੋਵੇਗੀ। ਸਮੂਹ ਵਡਾਲੀ ਡੋਗਰਾਂ ਅਤੇ ਇਲਾਕੇ ਦੀਆਂ ਸੰਗਤਾਂ ਸਮਾਗਮ ਵਿੱਚ ਹਾਜਰੀਆਂ ਭਰ ਕੇ ਆਪਣੇ ਜੀਵਨ ਨੂੰ ਸਫ਼ਲ ਬਣਾਓ ਜੀ ! ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ।

### ਪਿੰਡ ਤਲਵੰਡੀ ਖੁੰਮਣ ਨੇ

# ਹੁਸਨ ਸਿਆਲਕਾ ਦੀ ਜਿੱਤ ਤੇ ਲਾਈ ਮੋਹਰ-ਤਲਬੀਰ ਗਿੱਲ

**ਚੌਕ ਮਹਿਤਾ 10 ਦਸੰਬਰ ( ਬਾਬਾ ਸੁਖਵੰਤ ਸਿੰਘ ਚੰਨਣਕੇ)**- ਵਿਧਾਨ ਸਭਾ ਹਲਕਾ ਮਜੀਠਾ ਦਿਨ ਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਅੱਜ ਪਿੰਡ ਤਲਵੰਡੀ ਖੁੰਮਣ ਵਿਖੇ ਕਰਵਾਈ ਗਈ ਮੀਟਿੰਗ ਜੋ ਇੱਕ ਵੱਡੀ ਰੈਲੀ ਦਾ ਰੂਪ ਧਾਰਨ ਕਰ ਗਈ ਅਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਤਲਬੀਰ ਸਿੰਘ ਗਿੱਲ ਦੇ ਸਵਾਗਤ ਲਈ ਪਹੁੰਚੇ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦਿਆਂ ਦਲਬੀਰ ਸਿੰਘ ਗਿੱਲ ਨੇ ਕਿਹਾ ਪਿੰਡ ਤਲਵੰਡੀ ਖੁਮਣ ਵਾਸੀਆਂ ਵੱਲੋਂ ਅੱਜ ਦੇ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਹੁਸਨਪ੍ਰੀਤ ਸਿੰਘ ਸਿਆਲਕਾ ਦੀ ਇਤਿਹਾਸਿਕ ਜਿੱਤ ਹੋਵੇਗੀ ਉਹਨਾਂ ਕਿਹਾ ਕਿ ਅੱਜ ਅਕਾਲੀ ਦਲ ਦੀ ਕਥਨੰਗਲ ਵਿਖੇ ਹੋਈ ਰੈਲੀ ਜੋ ਰੈਲੀ ਨਹੀਂ ਇੱਕ ਮੀਟਿੰਗ ਹੀ ਸੀ ਅਤੇ ਬਹੁਤ ਘੱਟ ਲੋਕ ਰੈਲੀ ਵਿੱਚ ਸ਼ਾਮਿਲ ਹੋਏ ਅਤੇ ਬਾਹਰ ਦੇ ਆਏ ਹੋਏ ਲੋਕਾਂ ਨਾਲ ਰੈਲੀ ਦਾ ਇਕੱਠ ਕਰਨ ਦੀ ਕੋਸ਼ਿਸ਼ ਕੀਤੀ ਗਈ ਪਰ ਇਕੱਠ ਕਰਨ ਵਿੱਚ ਅਕਾਲੀ ਦਲ ਨਾਕਾਮ ਹੋ ਗਿਆ ਉਹਨਾਂ ਕਿਹਾ ਕਿ 12 ਦਸੰਬਰ ਨੂੰ ਆਮ ਆਦਮੀ ਪਾਰਟੀ ਦੀ ਰੈਲੀ ਨੀ ਇੱਕ ਰੇਲਾ ਹੋਵੇਗਾ ਅਤੇ ਜਿਸ ਵਿੱਚ ਸਮੁੱਚਾ ਹਲਕਾ ਦਾ ਇਕੱਠ ਦਾਣਾ ਮੰਡੀ ਮਜੀਠਾ ਵਿਖੇ ਹੋਵੇਗਾ ਜੋ ਪਿਛਲੀਆਂ ਰੈਲੀਆਂ ਦੇ ਰਿਕਾਰਡ ਤੋੜ ਦੇਵੇਗੀ ਅਤੇ ਬਲਾਕ ਸੰਮਤੀ ਜਿਲ੍ਹਾ ਪਰਿਸ਼ਦ ਦੀਆਂ ਚੋਣਾਂ ਦੀ ਜਿੱਤ 2027 ਦੀ ਜਿੱਤ ਦਾ ਨੀਹ ਪੱਥਰ ਸਾਬਤ ਹੋਵੇਗੀ ਇਸ ਮੌਕੇ ਤਰਸੇਮ ਸਿੰਘ ਸਿਆਲਕਾ ਗਿਆਨੀ ਕਿਰਪਾਲ ਸਿੰਘ ਕਰਨ ਕਾਲੋ ਗੁਰਵਿੰਦਰ ਪਾਲ ਸਿੰਘ ਮਿੰਟਾ ਪਲਵਿੰਦਰ ਸਿੰਘ ਬਾਬਾ ਸੁਖਚੈਨ ਸਿੰਘ ਗੁਰਦਿਆਲ ਸਿੰਘ ਸੂਕਾ ਰਾਜਬੀਰ ਸਿੰਘ ਹਰਜਿੰਦਰ ਸਿੰਘ ਬਿੱਲਾ ਪ੍ਰਧਾਨ ਪਰਮਜੀਤ ਸਿੰਘ ਸੁਖ ਗੁਰਦੇਵ ਸਿੰਘ ਵਰਪਾਲ ਦਲਜੀਤ ਸਿੰਘ ਲਾਡੀ ਹੈਪੀ ਕਾਲੋ ਜਸਵਿੰਦਰ ਸਿੰਘ ਮੰਗਾਜਗਪ੍ਰੀਤ ਸਿੰਘ ਲਛਮਣ ਸਿੰਘ ਮਨਜੀਤ ਸਿੰਘ ਅਬਦਾਲ ਬੂਟਾ ਸਿੰਘ ਗੋਗਾ ਤਲਵੰਡੀ ਸਰਪੰਚ ਸਤਨਾਮ ਸਿੰਘ ਰੰਗੀਲਪੁਰ ਲਖਵਿੰਦਰ ਸਿੰਘ ਲਹਿਰਕਾ ਬਲਜੀਤ ਸਿੰਘ ਕਾਹਲੋ ਆਦਿ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।



ਸੱਦਾ ਪੱਤਰ

# 8ਵੀਂ ਬਰਸੀ ਦੀ ਮਿੱਠੀ ਯਾਦ ਮੌਕੇ

## ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਦਾ ਭੋਗ 19 ਦਸੰਬਰ ਨੂੰ



ਸਵ. ਸ. ਪਿਆਰਾ ਸਿੰਘ ਜੀ ਪਹਿਲਵਾਨ

ਸਵਰਗੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਜੀ ਦੀ

## 8ਵੀਂ ਬਰਸੀ ਤੇ ਮਿੱਠੀ ਯਾਦ ਮੌਕੇ

ਪਰਿਵਾਰ ਵਲੋਂ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਅਰੰਭ ਸ੍ਰੀ ਅਖੰਡਪਾਠ ਸਾਹਿਬ 19 ਦਸੰਬਰ 2025 ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਅਤੇ ਭੋਗ ਸ੍ਰੀ ਅਖੰਡਪਾਠ ਸਾਹਿਬ 21 ਦਸੰਬਰ 2025 ਦਿਨ ਐਤਵਾਰ ਸਵੇਰੇ 10 ਵਜੇ ਪਾਏ ਜਾਣਗੇ

**ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਦੀ ਅਰਦਾਸ ਉਪਰੰਤ ਗੁਰਦੁਆਰਾ ਸਾਹਿਬ ਦਾ ਹਜ਼ੂਰੀ ਜਥਾ ਕੀਰਤਨ ਕਰੇਗਾ। ਸਿੱਖ ਪ੍ਰਚਾਰਕ ਬਾਬਾ ਬਘੇਲ ਸਿੰਘ ਜੀ ਗੁਰਬਾਣੀ ਕਥਾ ਦੁਆਰਾ ਨਿਹਾਲ ਕਰਨਗੇ। ਭਾਈ ਹਰਮੇਲ ਸਿੰਘ ਦਿਲਬਰ ਦਾ ਢਾਡੀ ਜੱਥਾ ਅਤੇ ਪੰਥਕ ਬੁਲਾਰੇ ਸੰਗਤਾਂ ਨੂੰ ਨਿਹਾਲ ਕਰਨਗੇ।**

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ।।

ਸਾਡੇ ਬਹੁਤ ਹੀ ਸਤਿਕਾਰਯੋਗ ਪਿਤਾ ਜੀ ਸਰਦਾਰ ਪਿਆਰਾ ਸਿੰਘ ਪਹਿਲਵਾਨ ਅਕਾਲ ਪੁਰਖ ਵਲੋਂ ਬਖਸੀ ਹੋਈ ਸਵਾਸਾਂ ਦੀ ਪੂੰਜੀ ਨੂੰ ਭੋਗਦੇ ਹੋਏ 16 ਦਸੰਬਰ 2017 ਸਾਨੂੰ ਸਦਾ ਲਈ ਸਦੀਵੀ ਵਿਛੋੜਾ ਦੇ ਗਏ ਸਨ। ਉਨ੍ਹਾਂ ਦੀ **ਅੱਠਵੀਂ ਬਰਸੀ** 'ਤੇ ਪਰਿਵਾਰ ਵਲੋਂ ਮਿੱਠੀ ਯਾਦ ਵਿੱਚ ਗੁਰਦੁਆਰਾ ਨਾਨਕਸਰ ਪਲੈਕ ਵਾਲਸਾਲ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਕਰਵਾਏ ਜਾ ਰਹੇ ਹਨ ।

**ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰ ਸਮੇਤ ਪਹੁੰਚ ਕੇ ਅਰਦਾਸ ਵਿੱਚ ਸ਼ਾਮਲ ਹੋਣ ਦੀ ਕ੍ਰਿਪਾਲਤਾ ਕਰਨੀ ਜੀ**

--- ✶ ਗੁਰਦੁਆਰਾ ਸਾਹਿਬ ਦਾ ਪਤਾ ✶----

**Gurdawara Nanaksar Pleck 4 Wellington St, Walsall , WS2 9QR, West Midlands , Tel. : 01922 641040**

-- ✶ ਸਤਿਗੁਰੂ ਦੇ ਭਾਣੇ ਵਿੱਚ ✶--

| | | | |
|---|---|---|---|
| ਬੀਬੀ ਗੁਰਮੀਤ ਕੌਰ | (ਪਤਨੀ) | ਕੁਲਵਿੰਦਰ ਕੌਰ | (ਪੁੱਤਰੀ) |
| ਰਘਵੀਰ ਸਿੰਘ | (ਪੁੱਤਰ) | ਜਸਵਿੰਦਰ ਕੌਰ | (ਪੁੱਤਰੀ) |
| ਜਰਨੈਲ ਸਿੰਘ | (ਪੁੱਤਰ) | ਅਤੇ ਸਮੂਹ ਪਰਿਵਾਰ | |

Contact : 07830202647 (Jarnail Singh Johal), 07976210161 (Raghbir Singh)

ਆਵਾਜ਼ਿ ਕੌਮ AWAZE QAUM International Newspaper & WEB TV